# ਇਬਰਾਨੀਆਂ, ਅਧਿਆਏ ਦੋ 2

…ਪਹਿਲਾਂ ਆਇਆ, ਤਾਂ ਜੋ ਵਚਨ ਦਾ ਅਧਿਐਨ ਕਰ ਸਕੇ, ਤਾਂ ਜੋ ਉਹ ਇਸਦੀ ਤੁਲਨਾ ਕਰ ਸਕੇ ਅਤੇ ਦੇਖ ਸਕੇ ਕਿ ਇਹ ਸੱਚ ਹੈ ਜਾਂ ਨਹੀਂ। ਉਸਨੇ ਇਸਨੂੰ, ਸੱਚਾਈ ਨੂੰ, ਪੁਰਾਣੇ ਨੇਮ ਦੁਆਰਾ ਲਿਆ। ਹੁਣ, ਪੌਲੁਸ ਪੁਰਾਣੇ ਨੇਮ ਦਾ ਵਿਦਵਾਨ ਸੀ। ਇਹ ਕਿੰਨੇ ਕੁ ਜਾਣਦੇ ਹਨ? ਉਹ ਆਪਣੇ ਜ਼ਮਾਨੇ ਦੇ ਸਭ ਤੋਂ ਉੱਤਮ ਵਿਦਵਾਨ, ਗਮਲੀਏਲ, ਦੇ ਅਧੀਨ ਪੜ੍ਹਾਇਆ ਗਿਆ ਸੀ। ਅਤੇ ਪੌਲੁਸ ਪੁਰਾਣੇ ਨੇਮ ਨੂੰ ਜਾਣਦਾ ਸੀ। ਅਤੇ ਮੈਨੂੰ ਲਗਦਾ ਹੈ ਕਿ ਉਸਦਾ ਪਹਿਲਾ ਹਿਲਾਇਆ ਜਾਣਾ, ਜਿਵੇਂ ਮੈਂ ਅੱਜ ਸਵੇਰੇ ਕਿਹਾ ਸੀ, ਜਦੋਂ ਉਸਨੇ ਇਸਤੀਫ਼ਾਨ ਦੀ ਮੌਤ ਦੇਖੀ ਸੀ। ਜਰੂਰ ਕਿਸੇ ਚੀਜ਼ ਨੇ ਪੌਲੁਸ ਨੂੰ ਫੜ ਲਿਆ ਸੀ, ਕਿਉਂਕਿ ਉਹ ਆਪਣੀਆਂ ਸਾਰੀਆਂ ਪੱਤਰੀਆਂ ਵਿੱਚ ਇਸਦਾ ਜ਼ਿਕਰ ਕਰਦਾ ਰਿਹਾ, "ਮੈਂ ਯੋਗ ਨਹੀਂ ਹਾਂ, ਕਿਉਂਕਿ ਮੈਂ ਕਲੀਸਿਯਾ ਨੂੰ ਮੌਤ ਤੱਕ ਸਤਾਇਆ ਸੀ। ਮੈਂ ਉਨ੍ਹਾਂ ਵਿੱਚੋਂ ਸਭ ਤੋਂ ਘੱਟ ਹਾਂ।"

95 ਔਹ, ਪਰ ਪਰਮੇਸ਼ੁਰ ਨੇ ਇਸ ਬਾਰੇ ਵੱਖਰੀ ਸੋਚ ਰੱਖੀ ਸੀ। ਉਹ ਉਸ ਸਮੇਂ ਦੇ ਸਭ ਤੋਂ ਸ਼ਕਤੀਸ਼ਾਲੀ ਆਦਮੀਆਂ ਵਿੱਚੋਂ ਇੱਕ ਸੀ।

> ਦੇਖੋ ਸੰਤ ਪੌਲੁਸ, ਮਹਾਨ ਰਸੂਲ,
> ਆਪਣੇ ਚੋਲੇ ਨਾਲ ਬਹੁਤ ਚਮਕਦਾਰ ਅਤੇ ਨਿਰਪੱਖ,
>   (ਕਵੀ ਨੇ ਕਿਹਾ,)
> ਔਹ, ਕੁਝ ਰੌਲਾ ਜ਼ਰੂਰ ਹੋਵੇਗਾ
> ਜਦੋਂ ਅਸੀਂ ਸਾਰੇ ਉੱਥੇ ਮਿਲਾਂਗੇ।

ਉਹ ਮਹਾਨ ਦਿਨ ਜਦੋਂ ਮੈਂ ਉਸਨੂੰ ਸ਼ਹੀਦ ਦਾ ਤਾਜ, ਇੱਕ ਸ਼ਹੀਦੀ ਇਨਾਮ ਪ੍ਰਾਪਤ ਕਰਦੇ ਵੇਖਾਂਗਾ!

96 ਮੈਂ ਛੋਟੇ ਪੁਰਾਣੇ ਕੈਦਖਾਨੇ ਕੋਲ ਖੜ੍ਹਾ ਸੀ, ਇੱਥੇ ਜਿਆਦਾ ਸਮਾਂ ਨਹੀਂ ਹੋਇਆ, ਜਿੱਥੇ ਉਸਨੇ ਇਹ ਚਿੱਠੀਆਂ ਲਿਖੀਆਂ ਸਨ। ਅਤੇ ਫਿਰ ਉਨ੍ਹਾਂ ਨੇ ਉਸਦਾ ਸਿਰ ਵੱਢ ਦਿੱਤਾ। ਅਤੇ ਉਸਨੂੰ ਨਾਲੇ ਵਿੱਚ, ਸੁੱਟ ਦਿੱਤਾ, ਕਿ ਉਹ ਨਾਲੇ ਵਿੱਚ ਵਹਿ ਜਾਵੇ। ਅਤੇ ਉੱਥੇ ਇਹ ਛੋਟਾ ਯਹੂਦੀ, ਉਸਨੇ ਕਿਹਾ, "ਮੈਂ ਆਪਣੇ ਸਰੀਰ ਤੇ ਯਿਸੂ ਮਸੀਹ ਦੇ ਨਿਸ਼ਾਨ ਚੁੱਕੀ ਫਿਰਦਾ ਹਾਂ। ਮੈਂ ਅਫ਼ਸੁਸ ਵਿੱਚ ਜਾਨਵਰਾਂ ਨਾਲ ਲੜਿਆ, ਪਰ ਮੈਂ ਇੱਕ ਚੰਗੀ ਲੜਾਈ ਲੜੀ ਹੈ। ਮੈਂ ਦੋੜ ਮੁਕਾ ਛੱਡੀ ਹੈ। ਮੈਂ ਵਿਸ਼ਵਾਸ ਨੂੰ ਫੜੀ ਰੱਖਿਆ ਹੈ। ਅਤੇ ਹੁਣ ਤੋਂ, ਮੇਰੇ ਲਈ ਧਰਮ ਦਾ ਤਾਜ ਰੱਖਿਆ ਗਿਆ ਹੈ, ਜੋ ਪ੍ਰਭੂ, ਧਰਮੀ ਜਾਜਕ, ਉਸ

ਦਿਨ ਮੈਨੂੰ ਦੇਵੇਗਾ। ਅਤੇ ਕੇਵਲ ਮੈਨੂੰ ਹੀ ਨਹੀਂ, ਸਗੋਂ ਉਹਨਾਂ ਸਾਰਿਆਂ ਨੂੰ ਜੋ ਉਸਦੇ ਪ੍ਰਗਟ ਹੋਣ ਨੂੰ ਪਿਆਰ ਕਰਦੇ ਹਨ।" ਮੈਂ ਇਸਨੂੰ ਕਿੰਨਾ ਪਿਆਰ ਕਰਦਾ ਹਾਂ! ਔਹ, ਮੈਂ ਉਹਨਾਂ ਨਾਲ ਗਿਣਿਆ ਜਾਣਾ ਚਾਹੁੰਦਾ ਹਾਂ! ਅਸੀਂ ਇੱਕ ਗੀਤ ਗਾਉਂਦੇ ਸੀ:

> ਔਹ, ਕੀ ਤੁਹਾਨੂੰ ਉਸਦੇ ਵਾੜੇ ਵਿੱਚੋਂ ਇੱਕ ਵਜੋਂ ਗਿਣਿਆ ਜਾਵੇਗਾ?
> ਕੀ ਤੁਹਾਨੂੰ ਉਸਦੇ ਵਾੜੇ ਵਿੱਚੋਂ ਇੱਕ ਵਜੋਂ ਗਿਣਿਆ ਜਾਵੇਗਾ?
> ਅੰਦਰੋਂ ਬੇਦਾਗ ਰਹੋ, ਉਸ ਦ੍ਰਿਸ਼ ਨੂੰ ਵੇਖਣ ਲਈ ਦੇਖਦੇ ਰਹੋ ਅਤੇ ਉਡੀਕ ਕਰੋ;
> ਉਹ ਦੁਬਾਰਾ ਆ ਰਿਹਾ ਹੈ।

97 ਮੈਂ ਉਨ੍ਹਾਂ ਵਿੱਚੋਂ ਇੱਕ ਬਣਨਾ ਚਾਹੁੰਦਾ ਹਾਂ। ਹੁਣ ਲੇਖਕ ਅੱਗੇ ਵਧਦਾ ਹੋਇਆ, ਕਹਿੰਦਾ ਹੈ:

> *ਇਸ ਕਾਰਨ ਚਾਹੀਦਾ ਹੈ ਜੋ ਅਸੀਂ ਉਨ੍ਹਾਂ ਗੱਲਾਂ ਦਾ ਜਿਹੜੀਆਂ ਸੁਣੀਆਂ ਹੋਰ ਵੀ...ਧਿਆਨ ਰੱਖੀਏ, ਅਜਿਹਾ ਨਾ ਹੋਵੇ ਭਈ ਕਿਤੇ ਅਸੀਂ ਉਨ੍ਹਾਂ ਤੋਂ ਵਹਿ ਕੇ ਦੂਰ ਹੋ ਜਾਈਏ।*

98 ਜਿਵੇਂ ਅਸੀਂ ਇਸ ਬਾਰੇ ਸਿਖਾਇਆ ਹੈ, ਅੱਜ ਸਵੇਰੇ, ਦੂਜੀ ਆਇਤ ਬਿਆਨ ਕਰਦੀ ਹੈ, "ਜੇ..."

> *ਜਦੋਂ ਉਹ ਬਚਨ ਜਿਹੜਾ ਦੂਤਾਂ ਦੀ ਜ਼ਬਾਨੀ ਆਖਿਆ ਗਿਆ ਸੀ...*

99 ਅਸੀਂ ਦੂਤਾਂ ਤੋਂ ਕੀ ਸਮਝਦੇ ਹਾਂ? ਨਬੀ। "ਪਰਮੇਸ਼ੁਰ ਪਿਛਲੀਆਂ ਸਮਿਆਂ ਵਿੱਚ..." ਹੁਣ, ਤੁਹਾਨੂੰ ਸਾਡੇ ਆਪਣੇ ਵਿਚਾਰ ਨਹੀਂ, ਪਰ ਬਾਈਬਲ ਨੂੰ ਲੈਣਾ ਪਵੇਗਾ। ਹੁਣ ਪਹਿਲੇ ਅਧਿਆਇ, ਦਾ...ਪਹਿਲਾ ਅਧਿਆਇ, ਪਹਿਲੀ ਆਇਤ।

> *ਪਰਮੇਸ਼ੁਰ ਨੇ ਜਿਨ ਪਿਛਲਿਆਂ ਸਮਿਆਂ ਵਿੱਚ...ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ...ਅਤੇ ਕਈ ਤਰਾਂ ਨਾਲ ਗੱਲ ਕੀਤੀ ਸੀ,*

100 ਹੁਣ ਉਹ ਇੱਥੇ ਚਲਾ ਜਾਂਦਾ ਹੈ, ਅਤੇ ਦੁਬਾਰਾ ਕਹਿੰਦਾ ਹੈ।

> *ਜਦੋਂ ਉਹ ਬਚਨ ਜਿਹੜਾ ਦੂਤਾਂ ਦੀ ਜ਼ਬਾਨੀ ਆਖਿਆ ਗਿਆ ਸੀ ਦ੍ਰਿੜ੍ਹ ਠਹਿਰਿਆ,...*

ਅਤੇ ਇੱਕ ਦੂਤ ਦਾ ਕੀ ਮਤਲਬ ਹੈ? "ਸੰਦੇਸ਼ਵਾਹਕ।" ਜੇ ਪਰਮੇਸ਼ੁਰ ਦਾ ਮਸਹ ਕੀਤਾ ਹੋਇਆ ਸੰਦੇਸ਼ਵਾਹਕ...ਅਤੇ ਫਿਰ ਜੇ ਅਸੀਂ ਮਸਹ ਕੀਤੇ ਹੋਏ ਹਾਂ, ਅਸੀਂ ਪਰਮੇਸ਼ੁਰ ਦੇ ਦੂਤ ਹਾਂ। ਅਸੀਂ ਸੰਸਾਰ ਲਈ ਸੰਦੇਸ਼ਵਾਹਕ ਹਾਂ, ਸਵਰਗ ਦੇ ਰਾਜਦੂਤ ਹਾਂ, ਇਹ ਦਾਅਵਾ ਕਰਦੇ ਹੋਏ ਕਿ ਅਸੀਂ ਸ਼ਰਧਾਲੂ ਅਤੇ ਅਜਨਬੀ ਹਾਂ। ਅਸੀਂ ਇਸ ਦੁਨੀਆਂ ਦੇ ਨਹੀਂ ਹਾਂ। ਪਰ ਅਸੀਂ ਆਉਣ ਵਾਲੇ ਸ਼ਹਿਰ ਦੀ ਭਾਲ ਕਰਦੇ ਹਾਂ, ਜਿਸਦਾ ਨਿਰਮਾਤਾ ਅਤੇ ਬਣਾਉਣ ਵਾਲਾ ਪਰਮੇਸ਼ੁਰ ਹੈ। ਅਸੀਂ ਇਸ ਧਰਤੀ ਉੱਤੇ ਖ਼ਜ਼ਾਨੇ ਨਹੀਂ ਰੱਖਦੇ, ਜਿੱਥੇ ਚੋਰ ਸਨ ਲਾਉਂਦੇ ਹਨ, ਅਤੇ ਕੀੜੇ, ਜੰਗਾਲ ਲੱਗਦਾ ਹੈ ਅਤੇ ਨਾਸ਼ ਹੋ ਜਾਂਦਾ ਹੈ। ਕਿਉਂਕਿ, ਸਾਡੇ ਖ਼ਜ਼ਾਨੇ ਸਵਰਗ ਵਿੱਚ ਪਏ ਹਨ, ਜਿੱਥੇ ਯਿਸੂ ਮਹਾਰਾਜ ਦੇ ਸੱਜੇ ਪਾਸੇ ਬੈਠਦਾ ਹੈ। ਓਹ, ਇਹ ਜਾਣਨਾ ਕਿੰਨੀ ਸ਼ਾਨਦਾਰ ਅਤੇ ਅਦਭੁਤ ਗੱਲ ਹੈ:

> ਸਾਡੀਆਂ ਉਮੀਦਾਂ ਕਿਸੇ ਵੀ ਚੀਜ਼ ਤੋਂ ਘੱਟ ਨਹੀਂ ਹਨ
> ਯਿਸੂ ਦੇ ਲਹੂ ਅਤੇ ਧਾਰਮਿਕਤਾ ਨਾਲੋਂ;
> ਜਦੋਂ ਮੇਰੀ ਆਤਮਾ ਦੇ ਆਲੇ ਦੁਆਲੇ ਰਸਤਾ ਮਿਲਦਾ ਹੈ,
> ਫਿਰ ਉਹ ਮੇਰੀ ਸਾਰੀ ਉਮੀਦ ਅਤੇ ਅਰਾਮ ਹੈ।
>
> ਮਸੀਹ ਉੱਤੇ, ਠੋਸ ਚੱਟਾਨ, ਮੈਂ ਖੜ੍ਹਾ ਹਾਂ;
> ਬਾਕੀ ਸਾਰੀ ਧਰਤੀ ਧੱਸਦੀ ਹੋਈ ਰੇਤ ਹੈ,
> ਬਾਕੀ ਸਾਰੀ ਧਰਤੀ ਧੱਸਦੀ ਹੋਈ ਰੇਤ ਹੈ।

101 ਐਡੀ ਪੇਰੋਨੇਟ ਨੇ ਜ਼ੁਲਮਾਂ ਦੇ ਸਮੇਂ ਵਿਚ ਉਹ ਗੀਤ ਕਿਵੇਂ ਲਿਖਿਆ!

> ਹੁਣ, *ਜੇ ਦੂਤਾਂ ਦੁਆਰਾ* ਬੋਲਿਆ *ਗਿਆ ਬਚਨ ਦ੍ਰਿੜ੍ਹ ਸੀ,*...(ਜਦੋਂ ਪਰਮੇਸ਼ੁਰ ਦੇ ਦੂਤ ਨੇ ਬਚਨ ਬੋਲਿਆ, ਇਹ ਦ੍ਰਿੜ੍ਹ ਰਿਹਾ।)...ਅਤੇ ਹਰੇਕ ਅਪਰਾਧ *ਅਤੇ ਅਣਆਗਿਆਕਾਰੀ ਦਾ ਠੀਕ ਠੀਕ ਬਦਲਾ ਮਿਲਿਆ;*
>
> *ਅਸੀਂ ਹੁਣ ਕਿਵੇਂ* ਬਚਾਂਗੇ, *ਜੇ ਅਸੀਂ* ਮਸੀਹ ਨੂੰ ਨਹੀਂ ਸੁਣਦੇ, ਜੋ ਸਵਰਗ ਤੋਂ ਬੋਲਦਾ ਹੈ?

ਹੁਣ ਦੇਖੋ:

> *ਤਾਂ ਅਸੀਂ ਕਿਕੁਰ ਬਚ ਨਿੱਕਲਾਂਗੇ ਜੇ ਐਡੀ ਵੱਡੀ ਮੁਕਤੀ ਦੀ ਬੇ ਪਰਵਾਹੀ ਕਰੀਏ;* ...(ਇਸ ਬਾਰੇ ਸੋਚੋ।)...*ਜੋ ਪਹਿਲਾਂ ਪ੍ਰਭੁ ਦੇ ਰਾਹੀਂ ਆਖੀ ਗਈ ਸੀ,...*

102 ਮਸੀਹ ਆਪਣਾ ਕੰਮ ਸ਼ੁਰੂ ਕਰਦਾ ਹੈ। ਉਸਨੇ ਕੀ ਕੀਤਾ? ਅਸੀਂ ਉਸ ਨੂੰ ਦੇਖਦੇ ਹਾਂ, ਉਹ ਕਿਵੇਂ...ਹਲੀਮ, ਦੀਨ, ਉਹ ਇੱਕ ਧਰਮ ਸ਼ਾਸਤਰੀ ਵਜੋਂ

ਇੱਕ ਮਹਾਨ ਪ੍ਰਸਿੱਧ ਵਿਅਕਤੀ ਨਹੀਂ ਸੀ। ਪਰ ਉਹ ਹਲੀਮ, ਨਿਮਰ, ਕੋਮਲ ਸੀ। ਉਹ ਇੱਕ ਜੋਰਦਾਰ ਪ੍ਰਚਾਰਕ ਨਹੀਂ ਸੀ। ਉਸ ਦੀ ਅਵਾਜ਼ ਗਲੀ ਵਿਚ ਨਹੀਂ ਸੁਣੀ ਜਾਂਦੀ ਸੀ।

ਪਰ ਯੂਹੰਨਾ ਗਰਜਦੇ ਸ਼ੇਰ ਵਾਂਗ ਅੱਗੇ ਅੱਗੇ ਨਿਕਲਿਆ। ਉਹ ਪ੍ਰਚਾਰਕ ਸੀ।

103 ਯਿਸੂ ਅੱਗੇ ਆਇਆ, ਇੱਕ ਗਰਜਣ ਵਾਲੇ ਸ਼ੇਰ ਵਾਂਗ ਨਹੀਂ, ਪਰ ਪਰਮੇਸ਼ੁਰ ਉਸਦੇ ਨਾਲ ਕੰਮ ਕਰ ਰਿਹਾ ਸੀ, ਬਚਨ ਨੂੰ ਪੱਕਿਆਂ ਕਰਦਾ ਹੋਇਆ। ਪਰਮੇਸ਼ੁਰ ਮਸੀਹ ਦੇ ਨਾਲ ਸੀ। ਪਤਰਸ ਨੇ ਕਿਹਾ, ਪੰਤੇਕੁਸਤ ਦੇ ਦਿਨ, “ਹੇ ਇਸਰਾਏਲ ਦੇ ਲੋਕੋ, ਅਤੇ ਤੁਸੀਂ ਜਿਹੜੇ ਯਹੂਦਿਯਾ ਵਿੱਚ ਰਹਿੰਦੇ ਹੋ…ਨਾਸਰਤ ਦਾ ਯਿਸੂ, ਤੁਹਾਡੇ ਵਿੱਚ ਪਰਮੇਸ਼ੁਰ ਦੁਆਰਾ ਪ੍ਰਵਾਨਿਤ ਮਨੁੱਖ, ਨਿਸ਼ਾਨਾਂ, ਅਚੰਭਿਆਂ ਅਤੇ ਚਮਤਕਾਰਾਂ ਦੁਆਰਾ, ਜੋ ਪਰਮੇਸ਼ੁਰ ਨੇ ਉਸ ਦੁਆਰਾ ਤੁਹਾਡੇ ਸਾਰਿਆਂ ਦੇ ਵਿਚਕਾਰ ਕੀਤੇ, ਜਿਸ ਦੇ ਤੁਸੀਂ ਸਾਰੇ ਗਵਾਹ ਹੋ।” ਦੇਖੋ ਕਿ ਉਸਨੇ ਕਿਸ ਤਰ੍ਹਾਂ ਇਸ ਨਾਲ ਉਨ੍ਹਾਂ ਨੂੰ ਵਿੰਨ੍ਹ ਦਿੱਤਾ। “ਤੁਹਾਨੂੰ ਉਸ ਨੂੰ ਪਛਾਣਨਾ ਚਾਹੀਦਾ ਸੀ।”

104 ਯਿਸੂ ਨੇ ਕਿਹਾ, “ਤੁਸੀਂ ਪਖੰਡੀ ਹੋ।” ਕਿਹਾ, “ਤੁਸੀਂ ਬਾਹਰ ਜਾਂਦੇ ਹੋ ਅਤੇ ਸੂਰਜ ਵੱਲ ਵੇਖਦੇ ਹੋ, ਅਤੇ ਤੁਸੀਂ…ਇਹ ਲਾਲ ਹੈ ਅਤੇ ਡੁੱਬ ਰਿਹਾ ਹੈ, ਤੁਸੀ ਕਹਿੰਦੇ ਹੋ, ‘ਮੌਸਮ ਖਰਾਬ ਹੋਣ ਵਾਲਾ ਹੈ।’ ਅਤੇ ਜੇ ਇਹ ਚਮਕਦਾਰ ਹੈ ਅਤੇ ਧੁੱਪ ਹੈ, ਜਾਂ ਇਸ ਤਰ੍ਹਾਂ ਹੈ, ਤੁਸੀਂ ਕਹਿੰਦੇ ਹੋ, ‘ਮੌਸਮ ਠੀਕ ਰਹੇਗਾ।’” ਕਿਹਾ, “ਤੁਸੀਂ ਅਸਮਾਨ ਦੇ ਭੇਤ ਬੁੱਝ ਸਕਦੇ ਹੋ, ਪਰ ਸਮੇਂ ਦੀਆਂ ਨਿਸ਼ਾਨੀਆਂ ਨੂੰ ਨਹੀਂ ਸਮਝ ਸਕਦੇ। ਕਿਉਂਕਿ ਜੇ ਤੁਸੀਂ ਮੈਨੂੰ ਜਾਣਦੇ ਹੁੰਦੇ, ਤਾਂ ਤੁਸੀਂ ਮੇਰਾ ਦਿਨ ਜਾਣ ਲੈਂਦੇ।”

105 ਔਹ, ਉਹ ਅੱਜ ਰਾਤ ਕੀ ਪੁਕਾਰਦਾ ਹੈ। ਕਿਵੇਂ ਉਸਦੀ ਆਤਮਾ ਉਸਦੇ ਪ੍ਰਚਾਰਕਾਂ ਦੁਆਰਾ ਪੁਕਾਰਦੀ ਹੈ, “ਘੜੀ ਨੇੜੇ ਹੈ!”

ਅਸੀਂ ਸਮਝਦੇ ਹਾਂ। ਅਸੀਂ ਪ੍ਰਮਾਣੂ ਬੰਬ ਦੇਖਦੇ ਹਾਂ। ਅਸੀਂ ਜਾਣਦੇ ਹਾਂ ਕਿ ਕਲਾਰਕ ਗੇਬਲ ਦੀ ਜਗ੍ਹਾ ਕੌਣ ਲੈਣ ਜਾ ਰਿਹਾ ਹੈ, ਅਤੇ ਕੌਣ *ਇਹ* ਕਰਨ ਜਾ ਰਿਹਾ ਹੈ, *ਉਹ*, ਜਾਂ *ਹੋਰ*; ਜਾਂ ਉਪ-ਰਾਸ਼ਟਰਪਤੀ ਕੌਣ ਹੋਵੇਗਾ। ਅਸੀਂ ਇਸ ਵਿੱਚ ਦਿਲਚਸਪੀ ਰੱਖਦੇ ਹਾਂ, ਪਰ ਅਸੀਂ ਸਮੇਂ ਦੀਆਂ ਨਿਸ਼ਾਨੀਆਂ ਨੂੰ ਨਹੀਂ ਪਛਾਣ ਸਕਦੇ। ਅਸੀਂ ਅੰਤ ਵਿੱਚ ਹਾਂ।

106 ਇਹ ਕੀ ਹੈ? ਸਾਨੂੰ ਇਸ ਵਿੱਚ ਬਹੁਤ ਦਿਲਚਸਪੀ ਹੈ, “ਟੈਲੀਵਿਜ਼ਨ ਦਾ ਅਗਲਾ ਅਧਿਆਇ ਕੀ ਹੈ? ਸੂਜ਼ੀ ਕੀ ਕਰਨ ਜਾ ਰਹੀ ਹੈ?” ਜਾਂ ਉਸ ਔਰਤ ਦਾ ਨਾਮ ਕੀ ਹੈ। “ਅਤੇ ਆਰਥਰ ਗੌਡਫਰੇ ਕਿੱਥੇ ਜਾ ਰਿਹਾ ਹੈ? ਉਹ

ਅਗਲੀ ਵਾਰ ਕਿਹੋ ਜਿਹੀ ਮਸ਼ਕਰੀ ਕਰਣ ਜਾ ਰਿਹਾ ਹੈ?" ਅਸੀਂ, ਮਸੀਹੀ ਹੁੰਦੇ ਹੋਏ, ਆਪਣੇ ਮਨ ਨੂੰ ਅਜਿਹੀ ਬਕਵਾਸ ਨਾਲ ਭਰਦੇ ਹਾਂ, ਜਦੋਂ ਸਾਨੂੰ ਕਿਤੇ ਪ੍ਰਾਰਥਨਾ ਕਰਦੇ ਹੋਣਾ ਚਾਹੀਦਾ ਹੈ, ਅਤੇ ਬਾਈਬਲ ਦਾ ਅਧਿਐਨ ਕਰਨਾ ਚਾਹੀਦਾ ਹੈ, ਉਸ ਸਮੇਂ ਦੀਆਂ ਨਿਸ਼ਾਨੀਆਂ ਨੂੰ ਜਾਣਨ ਲਈ ਜਿਸ ਵਿੱਚ ਅਸੀਂ ਰਹਿ ਰਹੇ ਹਾਂ।

107 ਕੌਣ ਇਹ ਕਰਦਾ ਹੈ, ਬਹੁਤ ਵਾਰ, ਪ੍ਰਚਾਰ ਮੰਚ ਕਮਜ਼ੋਰ ਹੁੰਦਾ ਹੈ, ਇਹ ਸਹੀ ਹੈ, ਜੋ ਹੇਠਾਂ ਨਹੀਂ ਉੱਤਰਦਾ ਅਤੇ ਖੁਸ਼ਖਬਰੀ ਦਾ ਸੱਚ ਉੱਪਰ ਨਹੀਂ ਲਿਆਉਂਦਾ। ਸਾਨੂੰ ਆਉਣ ਵਾਲੇ ਦਿਨਾਂ ਵਿੱਚ ਇਸਦਾ ਜਵਾਬ ਦੇਣਾ ਪਵੇਗਾ। ਸਾਨੂੰ ਕਿਸੇ ਵੀ ਚੀਜ਼ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ। ਅਤੇ ਲੋਕ, ਜਿਵੇਂ ਅਸੀਂ ਇੱਥੇ ਇਸ ਬ੍ਰਨਹਾਮ ਟੈਬਰਨੇਕਲ ਵਿੱਚ ਹਾਂ, ਚਿੰਨ੍ਹ ਅਤੇ ਅਚੰਭੇ, ਅਤੇ ਜੀ ਉੱਠੇ ਮਸੀਹ ਦੀ ਸ਼ਕਤੀ ਨੂੰ ਵੇਖਣ ਲਈ; ਅਤੇ ਫਿਰ ਇਹ ਜਾਣਨ ਲਈ ਕਿ ਅਸੀਂ ਆਪਣੇ—ਆਪਣੇ ਸਮੇਂ ਨੂੰ ਕਿਸੇ ਹੋਰ ਸਥਾਨ ਰੱਖਾਂਗੇ, ਅਤੇ ਪ੍ਰਭੂ ਯਿਸੂ ਦੀ ਅਵਾਜ਼ ਨੂੰ ਸੁਣਨ ਲਈ ਅਣਗਹਿਲੀ ਕਰਾਂਗੇ, "ਅਸੀਂ ਕਿਕੁਰ ਬਚ ਨਿੱਕਲਾਂਗੇ, ਜੇ ਐਡੀ ਵੱਡੀ ਮੁਕਤੀ ਦੀ ਬੇ ਪਰਵਾਹੀ ਕਰੀਏ?"

108 ਤੀਜੀ ਆਇਤ, ਜਾਂ ਚੌਥੀ ਆਇਤ। ਇਹ ਉਹ ਥਾਂ ਹੈ ਜਿੱਥੇ ਅਸੀਂ ਅੱਜ ਸਵੇਰੇ ਚੌਥੀ ਆਇਤ ਨੂੰ ਸਮਾਪਤ ਕੀਤਾ।

*ਪਰਮੇਸ਼ੁਰ ਵੀ ਸਾਖੀ ਦਿੰਦਾ ਰਿਹਾ,...*(ਔਹ ਮੇਰੇ!)

*ਪਰਮੇਸ਼ੁਰ...ਸਾਖੀ ਦਿੰਦਾ ਰਿਹਾ,...*

ਬਚਨ ਨੂੰ ਸੁਣੋ।

*...ਨਿਸ਼ਾਨੀਆਂ ਅਤੇ ਅਚੰਭਿਆਂ...ਅਤੇ ਨਾਨਾ ਪਰਕਾਰ ਦੀਆਂ ਕਰਾਮਾਤਾਂ,...*

*ਨਾਨਾ ਪਰਕਾਰ* ਦੀਆਂ ਕਰਾਮਾਤਾਂ ਕੀ ਹਨ? *ਨਾਨਾ* ਪਰਕਾਰ ਕੀ ਹੈ? *ਨਾਨਾ* ਪਰਕਾਰ ਦਾ ਮਤਲਬ ਹੈ "ਬਹੁਤ ਸਾਰੇ।" "*ਬਹੁਤ ਸਾਰੀਆਂ* ਕਰਾਮਾਤਾਂ ਨਾਲ, ਪਰਮੇਸ਼ੁਰ ਨੇ ਗਵਾਹੀ ਦਿੱਤੀ।" ਹੇ ਪਰਮੇਸ਼ੁਰ! ਮੈਨੂੰ ਭਰੋਸਾ ਹੈ ਕਿ ਇਹ ਤੁਹਾਡੇ ਦਿਲਾਂ ਵਿੱਚ ਚਲਾ ਜਾਵੇਗਾ। ਸੁਣੋ।

109 ਇੱਥੇ ਭਾਈ ਨੇਵਿਲ ਨਾਲ, ਮੈਂ ਤੁਹਾਡੇ ਪਾਸਟਰਾਂ ਵਿੱਚੋਂ ਇੱਕ ਹਾਂ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਰਿਕਾਰਡ ਕਰ ਲਵੋ। ਬਾਈਬਲ ਨੇ ਕਿਹਾ, "ਜੇ ਤੁਹਾਡੇ ਵਿੱਚੋਂ ਕੋਈ ਉੱਠਦਾ ਹੈ, ਅਤੇ ਉਹ *ਫਲਾਣੀ-ਫਲਾਣੀ* ਗੱਲ ਕਹਿੰਦਾ ਹੈ, ਅਤੇ ਇਹ ਪੂਰਾ ਨਹੀਂ ਹੁੰਦਾ, ਇਸ ਨੂੰ ਨਾ ਸੁਣੋ, ਕਿਉਂਕਿ ਮੈਂ ਇਹ ਮੈਂ ਨਹੀਂ ਬੋਲਿਆ ਹੈ। ਪਰ ਜੇ ਉਹ ਮੇਰੇ ਨਾਮ ਵਿੱਚ ਬੋਲਦਾ ਹੈ, ਅਤੇ ਜੋ ਉਹ ਕਹਿੰਦਾ

ਹੈ ਪੂਰਾ ਹੁੰਦਾ ਹੈ, ਤਾਂ ਇਸਨੂੰ ਸੁਣੋ।” ਆਮੀਨ। “ਕਿਉਂਕਿ ਮੈਂ ਉਸ ਨਬੀ ਜਾਂ ਪ੍ਰਚਾਰਕ ਦੇ ਨਾਲ ਹਾਂ, ਭਾਵੇਂ ਇਹ ਕੁਝ ਵੀ ਹੋਵੇ। ਜੇ ਉਹ ਜੋ ਕਹਿੰਦਾ ਹੈ ਉਹ ਪੂਰਾ ਹੁੰਦਾ ਹੈ, ਤਾਂ ਉਸਨੂੰ ਸੁਣੋ।”

110 ਹੁਣ, ਦੋਸਤੋ, ਆਓ ਉਸ ਨੂੰ ਸੁਣੀਏ, ਪਵਿੱਤਰ ਆਤਮਾ ਸਾਡੇ ਵਿਚਕਾਰ ਬੋਲਦਾ ਹੈ, ਕਈ ਪਰਕਾਰ ਦੇ ਚਮਤਕਾਰ, ਚਿੰਨ੍ਹ ਅਤੇ ਅਚੰਭੇ ਦਿਖਾਉਂਦੇ ਹੋਏ। ਆਓ ਇਸ ਤੋਂ ਬਸ ਆਮ ਘਟਨਾਵਾਂ ਵਾਂਗ ਨਾ ਲੰਘ ਜਾਈਏ। ਆਓ ਯਾਦ ਰੱਖੀਏ ਕਿ ਇਹ ਯਿਸੂ ਮਸੀਹ ਹੈ, ਉਹੀ ਕੱਲ੍ਹ, ਅੱਜ, ਅਤੇ ਸਦਾ ਲਈ; ਆਪਣੇ ਬਚਨ ਨੂੰ ਪੱਕਿਆਂ ਕਰਦਾ ਹੋਇਆ। ਸਾਨੂੰ ਇਹ ਕਰਨਾ ਚਾਹੀਦਾ ਹੈ। ਔਹ, ਕਿਰਪਾ ਕਰਕੇ ਕਰੋ। ਧਿਆਨ ਰੱਖੋ। ਹਰ ਦੂਸਰੀ ਚੀਜ਼ ਨੂੰ ਦੂਜੇ ਥਾਂ ਤੇ ਹੋਣ ਦਿਓ, ਇੱਥੋਂ ਤੱਕ ਕਿ ਤੁਹਾਡਾ ਘਰ, ਤੁਹਾਡਾ ਪਤੀ, ਤੁਹਾਡੀ ਪਤਨੀ, ਤੁਹਾਡੇ ਬੱਚੇ। ਇਹ ਜੋ ਕੁਝ ਵੀ ਹੋਵੇ, ਇਸ ਨੂੰ ਦੂਜੇ ਸਥਾਨ ਤੇ ਰੱਖੋ। ਪਰਮੇਸ਼ੁਰ ਨੂੰ ਪਹਿਲ ਦਿਓ। ਤੁਸੀ ਕਹੋਗੇ, “ਭਾਈ ਬ੍ਰਨਹਾਮ, ਮੇਰੇ ਬੱਚਿਆਂ ਤੋਂ ਵੀ ਪਹਿਲਾਂ?” ਕਿਸੇ ਵੀ ਚੀਜ ਤੋਂ ਪਹਿਲਾਂ। ਪਰਮੇਸ਼ੁਰ ਨੂੰ ਪਹਿਲ ਦਿਓ। ਉਸਨੂੰ ਪਹਿਲਾਂ ਹੋਣ ਦਿਓ।

111 ਇੱਕ ਦਿਨ, ਏਲੀਯਾਹ ਪਹਾੜ ਤੋਂ ਉਤਰਿਆ। ਉਹ ਇੱਕ ਦੂਤ, ਇੱਕ ਸੰਦੇਸ਼ਵਾਹਕ, ਮਸਹ ਕੀਤਾ ਹੋਇਆ, ਪਰਮੇਸ਼ੁਰ ਦਾ ਸੰਦੇਸ਼ਵਾਹਕ ਸੀ। ਅਤੇ ਉਸਨੇ ਇੱਕ ਵਿਧਵਾ ਔਰਤ ਨੂੰ ਦੋ ਸੋਟੀਆਂ ਚੁੱਕਦੇ ਦੇਖਿਆ। ਉਸ ਨੇ ਕਿਹਾ, “ਜਾ, ਮੇਰੇ ਲਈ ਇੱਕ ਰੋਟੀ ਪੱਕਾ, ਅਤੇ ਮੈਨੂੰ ਥੋੜਾ ਜਿਹਾ ਪਾਣੀ ਪਿਆ।”

112 ਅਤੇ ਉਸਨੇ ਕਿਹਾ, “ਜੇ ਤੇਰੀ ਆਤਮਾ ਜਿਉਂਦੀ ਹੈ, ਮੇਰੇ ਕੋਲ ਸਿਰਫ਼ ਥੋੜੀ ਜਿਹੀ ਰੋਟੀ, ਜਾਂ ਥੋੜਾ ਜਿਹਾ ਕਣਕ ਦਾ ਆਟਾ ਹੈ, ਇੱਕ ਚੋਟੀ ਜਿਹੀ ਰੋਟੀ ਬਣਾਉਣ ਜੋਗਾ। ਅਤੇ ਮੇਰੇ ਕੋਲ ਅੰਦਰ ਜਾਕੇ, ਇਸ ਨੂੰ ਰਲਾਉਣ ਲਈ, ਥੋੜਾ ਜਿਹਾ ਹੀ ਤੇਲ ਹੈ। ਅਤੇ ਮੈਂ ਦੋ ਕੁ ਲੱਕੜਾਂ ਚੁੱਕ ਰਹੀ ਹਾਂ।” ਪੁਰਾਣੇ ਜ਼ਮਾਨੇ ਦਾ ਤਰੀਕਾ ਸੀ, ਇਹ ਭਾਰਤੀ ਤਰੀਕਾ ਹੈ, ਡੰਡਿਆਂ ਨੂੰ ਆਰ ਪਾਰ ਰੱਖਣਾ ਅਤੇ ਇਸਨੂੰ ਵਿਚਕਾਰੋਂ ਸਾੜਨਾ, ਅਤੇ ਇਸ ਨੂੰ ਅੰਦਰ ਧੱਕਦੇ ਰਹਿਣਾ। ਇਸ ਤਰ੍ਹਾਂ ਬਹੁਤ ਵਾਰ ਬਾਹਰ ਅੱਗ ਬਾਲੀ ਹੈ। ਕਿਹਾ, “ਅਤੇ ਮੈਂ ਆਪਣੇ ਅਤੇ ਮੇਰੇ ਲੜਕੇ, ਮੇਰੇ ਬੱਚੇ ਲਈ ਉਹ ਛੋਟੀ ਰੋਟੀ ਪਕਾਉਣ ਜਾ ਰਹੀ ਹਾਂ। ਅਤੇ ਅਸੀਂ ਇਸਨੂੰ ਖਾ ਕੇ ਮਰ ਜਾਵਾਂਗੇ।” ਤਿੰਨ ਸਾਲ ਛੇ ਮਹੀਨੇ ਸੋਕਾ ਪਿਆ ਹੋਇਆ ਸੀ, ਕਿਤੇ ਪਾਣੀ ਨਹੀਂ ਸੀ।

113 ਉਹ ਸਖ਼ਤ, ਬੁੱਢੇ ਨਬੀ ਨੇ, ਉਸ ਔਰਤ ਦੇ ਚਿਹਰੇ ਵੱਲ ਵੇਖਿਆ। ਉਸ ਨੇ ਕਿਹਾ, “ਜਾ, ਪਹਿਲਾਂ ਮੇਰੇ ਲਈ ਇੱਕ ਰੋਟੀ ਪਕਾ।” ਕਿਹੋ ਜਿਹਾ ਹੁਕਮ ਹੈ, ਇੱਕ ਆਦਮੀ ਲਈ ਇੱਕ ਵਿਧਵਾ ਔਰਤ ਨੂੰ, ਉਸਨੂੰ ਪਹਿਲਾਂ ਭੋਜਨ ਦੇਣ

ਲਈ ਕਹਿਣਾ, ਜਦ ਉਹ ਆਪ ਭੁੱਖੀ ਮਰ ਰਹੀ ਹੋਵੇ। ਉਸ ਨੇ ਕੀ ਕਿਹਾ ਸੀ? "ਕਿਉਂਕਿ **ਯਹੋਵਾਹ ਇੰਝ ਫ਼ਰਮਾਉਂਦਾ ਹੈ**, ਨਾ ਤੇਰੇ ਭਾਂਡੇ ਵਿੱਚੋਂ ਆਟਾ ਮੁੱਕੇਗਾ, ਨਾ ਹੀ ਕੂਪੀ ਵਿੱਚੋਂ ਤੇਲ, ਜਦ ਤੱਕ ਪਰਮੇਸ਼ੁਰ ਧਰਤੀ ਉੱਤੇ ਮੀਂਹ ਨਹੀਂ ਭੇਜਦਾ।"

ਪਹਿਲਾਂ, ਪਰਮੇਸ਼ੁਰ। ਉਸਨੇ ਅੰਦਰ ਜਾ ਕੇ ਰੋਟੀ ਪਕਾਈ, ਅਤੇ ਆ ਕੇ ਨਬੀ ਨੂੰ ਦੇ ਦਿੱਤੀ। ਉਸੇ ਵੇਲੇ ਵਾਪਸ ਗਈ ਅਤੇ ਇੱਕ ਹੋਰ, ਇੱਕ ਹੋਰ, ਅਤੇ ਇੱਕ ਹੋਰ, ਅਤੇ ਇੱਕ ਹੋਰ ਪਕਾਈ। ਅਤੇ ਭਾਂਡਾ ਕਦੇ ਵੀ ਖਾਲੀ ਨਹੀਂ ਹੋਇਆ, ਜਾਂ ਕੂਪੀ ਵਿੱਚੋਂ ਤੇਲ ਨਹੀਂ ਮੁਕਾ, ਜਦੋਂ ਤੱਕ ਪਰਮੇਸ਼ੁਰ ਨੇ ਧਰਤੀ ਉੱਤੇ ਮੀਂਹ ਨਹੀਂ ਭੇਜਿਆ। ਉਸਨੇ ਆਪਣੇ ਬੱਚਿਆਂ ਤੋਂ ਪਹਿਲਾਂ ਪਰਮੇਸ਼ੁਰ ਨੂੰ ਰੱਖਿਆ। ਉਸਨੇ ਪਰਮੇਸ਼ੁਰ ਨੂੰ ਕਿਸੇ ਵੀ ਚੀਜ਼ ਤੋਂ ਪਹਿਲਾਂ ਰੱਖਿਆ। ਉਸਨੇ ਪਹਿਲਾਂ, ਪਰਮੇਸ਼ੁਰ ਦਾ ਰਾਜ ਲਿਆ।

114 ਤੁਹਾਡੇ ਦਿਲ ਵਿੱਚ ਪਹਿਲੀ ਥਾਂ ਪਰਮੇਸ਼ੁਰ ਦੀ ਹੋਣੀ ਚਾਹੀਦੀ ਹੈ, ਤੁਹਾਡੀ ਜ਼ਿੰਦਗੀ ਵਿੱਚ ਪਹਿਲੀ ਥਾਂ, ਤੁਸੀਂ ਜੋ ਵੀ ਕਰਦੇ ਹੋ ਜਾਂ ਜੋ ਤੁਸੀਂ ਜੋ ਵੀ ਹੋ ਉਸ ਵਿੱਚ ਪਹਿਲਾ ਸਥਾਨ। ਪਰਮੇਸ਼ੁਰ ਪਹਿਲਾਂ ਹੋਣਾ ਚਾਹੀਦਾ ਹੈ। ਉਹ ਦੂਜਾ ਸਥਾਨ ਨਹੀਂ ਚਾਹੁੰਦਾ ਹੈ। ਉਹ ਦੂਜੇ ਸਥਾਨ ਦਾ ਹੱਕਦਾਰ ਨਹੀਂ ਹੈ। ਉਹ ਸਭ ਤੋਂ ਉੱਤਮ, ਅਤੇ ਪਹਿਲਾ, ਅਤੇ ਉਹ ਸਭ ਜੋ ਸਾਨੂੰ ਮਿਲਿਆ ਹੈ, ਉਸ ਸਭ ਦਾ ਹੱਕਦਾਰ ਹੈ। ਉਹ ਇਸ ਦਾ ਹੱਕਦਾਰ ਹੈ। ਉਸ ਦਾ ਪਵਿੱਤਰ ਨਾਮ ਮੁਬਾਰਕ ਹੋਵੇ!

> ਕਿਉਂ ਜੋ *ਪਰਮੇਸ਼ੁਰ ਵੀ…ਗਵਾਹੀ,* ਉਸਨੇ ਗਵਾਹੀ ਦਿੱਤੀ, *ਅਤੇ ਅਚੰਭਿਆਂ ਅਤੇ,…ਨਾਨਾ ਪਰਕਾਰ ਦੀਆਂ ਕਰਾਮਾਤਾਂ, ਅਤੇ ਪਵਿੱਤਰ ਆਤਮਾ ਦੀਆਂ ਵੰਡਾਂ ਦੇ ਵਸੀਲੇ ਆਪਣੀ ਇੱਛਿਆਂ ਦੇ ਅਨੁਸਾਰ ਉਨ੍ਹਾਂ ਦੇ ਨਾਲ ਸਾਖੀ ਦਿੰਦਾ ਰਿਹਾ?*

115 ਇਹ ਨਹੀਂ ਕਿ ਆਦਮੀ ਕੀ ਕਹਿੰਦੇ ਹਨ, ਕਲੀਸਿਯਾ ਨੇ ਕੀ ਕਿਹਾ ਸੀ, ਪਰ ਪਰਮੇਸ਼ੁਰ ਦੀ ਇੱਛਾ ਕੀ ਸੀ। ਔਹ, ਸਾਨੂੰ ਇਹ ਪਤਾ ਕਰਣ ਦੀ ਲੋੜ ਹੈ ਕਿ ਪਰਮੇਸ਼ੁਰ ਦੀ ਇੱਛਾ ਕੀ ਹੈ, ਨਾ ਕਿ ਤੁਹਾਡੇ ਗੁਆਂਢੀ ਦੀ ਤਰਫ਼ਦਾਰੀ ਦੀ, ਨਾ ਤੁਹਾਡੇ ਬੱਚਿਆਂ ਦੀ ਤਰਫ਼ਦਾਰੀ ਦੀ, ਤੁਹਾਡੇ ਪਤੀ ਜਾਂ ਪਤਨੀ ਦੀ ਤਰਫ਼ਦਾਰੀ ਨਹੀਂ। ਪਰ, ਪਰਮੇਸ਼ੁਰ ਦੀ ਇੱਛਾ ਨੂੰ ਭਾਲੋ, ਅਤੇ ਪਹਿਲਾਂ ਅਜਿਹਾ ਕਰੋ। ਫਿਰ ਬਾਕੀ ਸਭ ਕੁਝ, ਪਤਨੀ ਦੀ ਮਰਜ਼ੀ ਅਤੇ ਬੱਚਿਆਂ ਦੀ ਮਰਜ਼ੀ, ਇਸ ਦੇ ਨਾਲ ਹੀ ਮਿਲ ਜਾਵੇਗੀ। ਪਰ, ਪਰਮੇਸ਼ੁਰ ਨੂੰ ਪਹਿਲ ਦਿਓ।

116 ਹੁਣ, ਦੇਖੋ।

*ਉਹ ਨੇ ਤਾਂ ਆਉਣ ਵਾਲੇ ਸੰਸਾਰ ਨੂੰ ਜਿਹ ਦੀ ਅਸੀਂ ਗੱਲ ਕਰਦੇ ਹਾਂ, ਦੂਤਾਂ ਦੇ ਮਤਹਿਤ ਨਹੀਂ ਕੀਤਾ।*

117 ਨਹੀਂ ਤਾਂ, ਮਹਾਨ ਦੂਤ ਜੋ ਸਵਰਗ ਵਿੱਚ ਸੇਵਕ ਹਨ, ਜਿਬਰਾਇਲ, ਮੀਕਾਏਲ, ਵੁੱਡਵੋਰਮ, ਅਤੇ ਸਵਰਗ ਦੇ ਦੱਸ ਹਜਾਰ ਦੂਤਾਂ ਦੇ ਦੱਸ ਹਜਾਰ ਗੁਣਾਂ ਦੂਤ; ਜਾਂ ਕਈ ਹਜਾਰ ਨਬੀ ਜੋ ਧਰਤੀ ਉੱਤੇ ਰਹੇ ਹਨ, ਉਹਨਾਂ ਵਿੱਚੋਂ ਹਰ ਇੱਕ; ਉਸਨੇ ਕਦੇ ਵੀ ਉਹਨਾਂ ਵਿੱਚੋਂ ਕਿਸੇ ਨੂੰ ਵੀ ਆਉਣ ਵਾਲੀ ਦੁਨੀਆਂ ਉੱਤੇ ਨਿਯੰਤਰਣ ਕਰਨ ਲਈ ਨਹੀਂ ਰੱਖਿਆ, ਜਿਸ ਬਾਰੇ ਅਸੀਂ ਗੱਲ ਕਰਦੇ ਹਾਂ। ਇੱਕ ਨੂੰ ਵੀ ਨਹੀਂ! ਉਸਨੇ ਕਦੇ ਨਹੀਂ ਕਿਹਾ, "ਯਸਾਯਾਹ, ਤੁਸੀਂ ਸੰਸਾਰ ਨੂੰ ਨਿਯੰਤਰਿਤ ਕਰੋਗੇ।" ਉਸ ਨੇ ਕਦੇ ਵੀ ਦੁਨੀਆਂ ਨੂੰ ਏਲੀਯਾਹ ਦੇ ਅਧੀਨ ਨਹੀਂ ਕੀਤਾ। ਨਾ ਹੀ ਉਸਨੇ ਇਸਨੂੰ ਜਿਬ੍ਰਾਏਲ, ਜਾਂ ਕਿਸੇ ਦੂਤ, ਕਿਸੇ ਸੇਵਾ ਕਰਨ ਵਾਲੀ ਆਤਮਾ ਨੂੰ ਨਹੀਂ ਦਿੱਤਾ।

118 ਦੇਖੋ ਉਸ ਨੇ ਕੀ ਕਿਹਾ, ਪੌਲੁਸ, ਅਜੇ ਵੀ ਮਸੀਹ ਦੀ ਵਡਿਆਈ ਕਰ ਰਿਹਾ ਹੈ, ਜਿਸ ਬਾਰੇ ਅਸੀਂ ਬੋਲਦੇ ਹਾਂ।

*ਪਰ ਕਿਸੇ ਨੇ ਕਿਤੇ, ਇਹ ਕਹਿ ਕੇ ਸਾਖੀ ਦਿੱਤੀ, ਇਨਸਾਨ ਕੀ ਹੈ, ਜੋ ਤੂੰ ਉਹ ਨੂੰ ਚੇਤੇ ਵਿੱਚ ਲਿਆਵੇਂ? ਯਾ ਆਦਮੀ ਜਾਇਆ ਕੀ, ਜੋ ਤੂੰ ਉਸ ਉੱਤੇ ਨਿਗਾਹ ਕਰੇਂ?*

*ਤੈਂ ਉਹ ਨੂੰ ਦੂਤਾਂ ਨਾਲੋਂ ਥੋੜੇ ਚਿਰ ਲਈ ਘੱਟ ਕੀਤਾ ਹੈ; ਅਤੇ ਮਹਿਮਾ ਅਰ ਆਦਰ ਦਾ ਮੁਕਟ ਉਹ ਦੇ ਸਿਰ ਉੱਤੇ ਰੱਖਿਆ ਹੈ। ਤੈਂ ਆਪਣੀ ਦਸਤਕਾਰੀ ਉੱਤੇ ਉਹ ਨੂੰ ਥਾਪਿਆ:*

119 ਹੁਣ, ਜੇਕਰ ਤੁਸੀਂ ਉਸ ਨੂੰ ਪੜ੍ਹਨਾ ਚਾਹੁੰਦੇ ਹੋ, ਤਾਂ ਇਹ ਜ਼ਬੂਰ 8:4-6 ਹੈ, ਦਾਊਦ ਬੋਲ ਰਿਹਾ ਹੈ। ਹੁਣ ਉਸ ਨੇ ਦਾਊਦ ਨੂੰ ਇੱਥੇ ਕੀ ਆਖ ਕੇ ਬੁਲਾਇਆ? ਜੋ ਕਿ ਇਸ ਦਾ ਨਬੇੜਾ ਕਰਦ ਦਿੰਦਾ ਹੈ, ਉਥੇ ਹੀ, ਕੀ ਮੈਂ ਅੱਜ ਸਵੇਰੇ ਨਬੀ ਬਾਰੇ, ਸਹੀ ਸੀ।

120 ਉਸ ਨੇ ਕਿਹਾ, "ਕਿਉਂ ਜੋ ਕਿਸੇ ਦੂਤ ਨੇ ਇੱਕ ਥਾਂ ਤੇ ਅਜਿਹਾ ਕਿਹਾ ਸੀ।" ਦਾਊਦ, ਪਰਮੇਸ਼ੁਰ ਦਾ ਦੂਤ, ਪਰਮੇਸ਼ੁਰ ਦਾ ਇੱਕ ਦੂਤ ਸੀ, ਕਿਉਂਕਿ ਉਹ ਪਰਮੇਸ਼ੁਰ ਦਾ ਸੰਦੇਸ਼ਵਾਹਕ ਸੀ। ਦੂਤ ਨੇ ਕਿਹਾ, ਦਾਊਦ ਨੇ ਕਿਹਾ, ਜ਼ਬੂਰਾਂ ਵਿੱਚ, "ਤੁਸੀਂ ਉਸਨੂੰ ਸਵਰਗ ਦੇ ਦੂਤਾਂ ਨਾਲੋਂ ਥੋੜਾ ਜਿਹਾ ਘੱਟ ਬਣਾਇਆ ਹੈ।" ਇੱਕ ਦੂਤ ਨੇ ਕਿਹਾ ਕਿ ਪਰਮੇਸ਼ੁਰ ਨੇ ਉਸਨੂੰ ਇੱਕ ਦੂਤ ਨਾਲੋਂ ਨੀਵਾਂ ਬਣਾਇਆ, ਤਾਂ ਜੋ ਉਹ ਉਸਨੂੰ ਮੁਕਟ ਪਹਿਨਾ ਸਕੇ; ਅਤੇ ਉਹ ਦੁਖ ਝੱਲੇ ਅਤੇ ਮੌਤ ਦਾ ਸੁਆਦ ਚੱਖੇ, ਦੁਬਾਰਾ ਉੱਚਾ ਹੋਣ ਲਈ। ਤਾਂ ਜੋ ਉਹ ਉਸ

ਨੂੰ ਬਣਾ ਸਕੇ...ਸੰਸਾਰ ਦੀਆਂ ਸਾਰੀਆਂ ਚੀਜ਼ਾਂ ਦੇ ਵਾਰਸ। [ਟੇਪ ਤੇ ਖਾਲੀ ਥਾਂ—ਸੰਪਾ.]

121 ਹੁਣ, ਮੱਤੀ 28:18 ਵਿੱਚ—ਵਿੱਚ, ਅਸੀਂ ਇਹਨਾਂ ਨੂੰ ਪੜ੍ਹਦੇ ਹਾਂ। ਜਦੋਂ ਉਹ ਸਲੀਬ ਉੱਤੇ ਚੜ੍ਹਾਇਆ ਗਿਆ ਅਤੇ ਤੀਜੇ ਦਿਨ ਦੁਬਾਰਾ ਜੀ ਉੱਠਿਆ, ਉਸਨੇ ਆਪਣੇ ਚੇਲਿਆਂ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਨੂੰ ਸਾਰੇ ਸੰਸਾਰ ਵਿੱਚ ਜਾਣ, ਹਰ ਪ੍ਰਾਣੀ ਨੂੰ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ ਕਿਹਾ। ਉਸ ਨੇ ਕਿਹਾ, "ਸਵਰਗ ਅਤੇ ਧਰਤੀ ਦਾ ਸਾਰਾ ਇਖਤਿਆਰ ਮੇਰੇ ਹੱਥਾਂ ਵਿੱਚ ਦਿੱਤਾ ਗਿਆ ਹੈ। ਸਵਰਗ ਦਾ ਸਾਰਾ ਇਖਤਿਆਰ, ਧਰਤੀ ਦਾ ਸਾਰਾ ਇਖਤਿਆਰ, ਮੈਨੂੰ ਦਿੱਤਾ ਗਿਆ ਹੈ।" ਇਹ ਕੀ ਸੀ? ਮਨੁੱਖ ਅਤੇ ਪਰਮੇਸ਼ੁਰ ਇੱਕ ਹੋ ਗਏ ਸਨ। ਲੋਗੋਸ ਦੇਹਧਾਰੀ ਹੋਇਆ ਸੀ ਅਤੇ ਘਾਤ ਕੀਤਾ ਗਿਆ ਸੀ, ਅਤੇ ਸਾਨੂੰ ਧਰਮੀ ਠਹਿਰਾਉਣ ਲਈ ਦੁਬਾਰਾ ਜੀ ਉੱਠਿਆ, ਅਤੇ ਫਿਰ ਹਮੇਸ਼ਾ ਹਮੇਸ਼ਾ ਲਈ ਮਸਹ ਕੀਤਾ ਗਿਆ ਇਮਾਨੂੰਏਲ ਬਣ ਗਿਆ। ਪਰਮੇਸ਼ੁਰ ਨੇ ਆਪਣੇ ਨਿਵਾਸ ਸਥਾਨ ਨੂੰ ਬਦਲ ਦਿੱਤਾ, ਅੰਤਰਿਕਸ਼ ਵਿੱਚ ਇੱਕ ਸਿੰਘਾਸਣ ਤੋਂ, ਉਸਦੇ ਪੁੱਤਰ, ਮਸੀਹ ਯਿਸੂ ਦੇ ਦਿਲ ਵਿੱਚ, ਸਦਾ ਲਈ ਜੀਉਣ ਅਤੇ ਰਾਜ ਕਰਨ ਲਈ। "ਪਰਮੇਸ਼ੁਰ ਮਸੀਹ ਵਿੱਚ ਸੀ।" ਉਹ ਆਤਮਾ ਦਾ ਅੰਤਮ ਆਰਾਮ ਸਥਾਨ ਹੈ।

122 ਆਤਮਾ ਇੱਕ ਤੰਬੂ ਵਿੱਚ ਠਹਿਰਿਆ, ਇੱਕ ਦਿਨ, ਤੁਸੀਂ ਜਾਣਦੇ ਹੋ ਕਿ, ਤੰਬੂ ਦੇ ਵਿੱਚ। "ਅਤੇ ਸੁਲੇਮਾਨ ਨੇ ਉਸ ਲਈ ਇੱਕ ਘਰ ਬਣਾਇਆ। ਪਰ, ਫਿਰ ਵੀ, ਅੱਤ ਮਹਾਨ ਹੱਥਾਂ ਦੇ ਬਣੇ ਘਰਾਂ ਵਿੱਚ ਨਹੀਂ ਵੱਸਦਾ।" "ਪਰ ਮੇਰੇ ਲਈ ਦੇਹੀ ਤਿਆਰ ਕੀਤੀ।"

123 ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿੱਚ, 7ਵਾਂ ਅਧਿਆਇ, ਜਦੋਂ ਉਹ ਬੋਲ ਰਿਹਾ ਸੀ, ਉਸਨੇ ਕਿਹਾ, "ਉਨ੍ਹਾਂ ਸਾਰਿਆਂ ਨੇ ਇਸ ਦੀ ਭਵਿੱਖਬਾਣੀ ਕੀਤੀ। ਉਨ੍ਹਾਂ ਨੇ ਉਸਦੇ ਲਈ ਤੰਬੂ ਬਣਾਇਆ, ਮੂਸਾ ਨੇ ਬਣਾਇਆ ਸੀ, ਇੱਕ ਤੰਬੂ ਸੀ, ਅਤੇ ਸੰਦੂਕ ਨੂੰ ਉਸ ਵਿੱਚ ਰੱਖਿਆ, ਕਿਉਂਕਿ ਪਰਮੇਸ਼ੁਰ ਦਇਆ ਦੇ ਸਿੰਘਾਸਣ ਉੱਤੇ ਸੀ। ਉਹ ਉੱਥੇ ਨਹੀਂ ਵੱਸਦਾ ਸੀ।" ਠੀਕ ਹੈ।

124 ਫਿਰ, "ਪਰ ਮੇਰੇ ਲਈ ਦੇਹੀ ਤਿਆਰ ਕੀਤੀ," ਪ੍ਰਭੂ ਯਿਸੂ ਮਸੀਹ ਦੀ ਦੇਹ, ਮੌਤ ਦਾ ਸੁਆਦ ਚੱਖਣ ਲਈ ਦੂਤਾਂ ਨਾਲੋਂ ਘੱਟ ਬਣਾਈ ਗਈ; ਅਤੇ ਹੋਰ ਕਿਸੇ ਦੀ ਨਹੀਂ ਪਰ ਉੱਚਿਆਂ ਵਿੱਚੋਂ ਸਭ ਤੋਂ ਉੱਚੇ, ਮਸੀਹ ਦੀ; ਸ਼ਾਂਤੀ ਦਾ ਰਾਜਕੁਮਾਰ, ਰਾਜਿਆਂ ਦਾ ਰਾਜਾ, ਪ੍ਰਭੂ ਦਾ ਪ੍ਰਭੂ, ਬ੍ਰਹਿਮੰਡ ਦੇ ਹਰ ਤਾਰੇ ਦਾ ਸਿਰਜਣਹਾਰ।

125 ਹੇ ਪਰਮੇਸ਼ੁਰ! ਉਹ ਆਪਣੀ ਰਚਨਾ ਨਾਲੋਂ ਘੱਟ ਬਣ ਗਿਆ, ਤਾਂ ਜੋ ਉਹ

ਮਨੁੱਖ (ਬੇਘਰ, ਬੇਸਹਾਰਾ ਮਨੁੱਖ) ਨੂੰ ਛੁਡਾ ਸਕੇ, ਅਤੇ ਉਨ੍ਹਾਂ ਨੂੰ ਸਵਰਗ ਵਿੱਚ ਇੱਕ ਘਰ ਦੇਵੇ। ਉਸਨੇ ਸਵਰਗ ਦੀਆਂ ਸ਼ਾਨਾਂ ਨੂੰ ਛੱਡ ਦਿੱਤਾ। ਉਸ ਨੇ ਸਭ ਤੋਂ ਉੱਚਾ ਨਾਮ ਛੱਡ ਦਿੱਤਾ ਜੋ ਪੁਕਾਰਿਆ ਜਾ ਸਕਦਾ ਸੀ। ਅਤੇ ਜਦੋਂ ਉਹ ਧਰਤੀ ਉੱਤੇ ਸੀ, ਮਨੁੱਖ ਨੇ ਉਸਨੂੰ ਸਭ ਤੋਂ ਨੀਵਾਂ ਨਾਮ ਦਿੱਤਾ ਜੋ ਉਹ ਉਸਨੂੰ ਦੇ ਸਕਦੇ ਸਨ, ਕਿਹਾ, "ਉਹ ਸ਼ੁਰੂਆਤ ਤੋਂ ਹੀ ਇੱਕ, ਉਹ ਇੱਕ ਨਾਜਾਇਜ਼ ਬਾਲਕ ਸੀ।" ਇੱਕ ਖੁਰਲੀ ਵਿੱਚ ਪੈਦਾ ਹੋਇਆ, ਇੱਕ ਬਲਦ ਦੇ ਜੂਲੇ ਦੀ ਪਿੱਠ ਦੇ ਚੀਥੜਿਆਂ ਵਿੱਚ ਲਪੇਟਿਆ ਹੋਇਆ। ਜਾਣ ਲਈ ਕੋਈ ਥਾਂ ਨਹੀਂ ਸੀ, ਜਾਣ ਲਈ ਕੋਈ ਘਰ ਨਹੀਂ ਸੀ। ਅਤੇ ਉਸ ਨੂੰ ਕਿਹਾ ਗਿਆ, "ਬਾਅਲਜਬੂਬ," ਸ਼ੈਤਾਨਾਂ ਦਾ ਸਰਦਾਰ। ਉਸ ਨਾਲ ਬਦਸਲੂਕੀ ਕੀਤੀ ਗਈ। ਉਸ ਤੇ ਥੁੱਕਿਆ ਗਿਆ। ਉਸ ਦਾ ਮਜ਼ਾਕ ਉਡਾਇਆ ਗਿਆ। ਉਹ ਰੱਦ ਦਿੱਤਾ ਗਿਆ ਸੀ, ਅਤੇ ਸਭ ਤੋਂ ਨੀਵੇਂ ਟੋਇਆਂ ਵਿੱਚ ਗਿਆ, ਅਤੇ "ਵੇਸਵਾਵਾਂ ਵਿੱਚੋਂ ਸਭ ਤੋਂ ਘਿਨਾਉਣੀ" ਲਈ ਝੁਕਿਆ। ਇਹੀ ਹੈ ਜੋ ਮਨੁੱਖ ਨੇ ਉਸ ਨਾਲ ਕੀਤਾ ਹੈ।

126 ਪਰ ਪਰਮੇਸ਼ੁਰ ਨੇ ਉਸਨੂੰ ਇੰਨਾ ਉੱਚਾ ਕੀਤਾ ਕਿ ਉਸਨੂੰ ਸਵਰਗ ਨੂੰ ਵੇਖਣ ਲਈ ਹੇਠਾਂ ਵੇਖਣਾ ਪੈਂਦਾ ਹੈ। ਮਨੁੱਖ ਉਸ ਨੂੰ ਸਭ ਤੋਂ ਨੀਵਾਂ ਸਥਾਨ ਦੇਂਦਾ ਹੈ, ਉਸ ਨੂੰ ਸਭ ਤੋਂ ਘਟੀਆ ਥਾਂ, ਸਭ ਤੋਂ ਨੀਵਾਂ ਨਾਮ ਦੇਂਦਾ ਹੈ। ਪਰਮੇਸ਼ੁਰ ਨੇ ਉਸ ਨੂੰ ਉਠਾਇਆ ਅਤੇ ਉਸ ਨੂੰ ਸਭ ਤੋਂ ਉੱਚਾ ਸਿੰਘਾਸਣ, ਅਤੇ ਸਭ ਤੋਂ ਉੱਚਾ ਨਾਮ ਬਖ਼ਸ਼ਿਆ। ਇਹੀ ਫਰਕ ਹੈ ਜੋ ਮਨੁੱਖ ਨੇ ਪਰਮੇਸ਼ੁਰ ਦੇ ਪੁੱਤਰ ਨਾਲ ਕੀਤਾ, ਅਤੇ ਜੋ ਪਰਮੇਸ਼ੁਰ ਨੇ ਪਰਮੇਸ਼ੁਰ ਦੇ ਪੁੱਤਰ ਨਾਲ ਕੀਤਾ।

127 ਉਹ ਝੁਕਿਆ, ਤਾਂ ਜੋ ਸਾਨੂੰ ਉੱਚਾ ਕੀਤਾ ਜਾ ਸਕੇ। ਉਹ ਅਸੀਂ ਬਣ ਜਾਂਦਾ ਹੈ, ਤਾਂ ਜੋ ਅਸੀਂ ਉਸਦੀ ਕਿਰਪਾ ਰਾਹੀਂ ਉਹ ਬਣ ਸਕੀਏ। ਉਹ ਬੇਘਰਾਂ ਕੋਲ ਆਇਆ, ਅਤੇ ਖੁਦ ਬੇਘਰ ਹੋ ਗਿਆ, ਤਾਂ ਜੋ ਸਾਡੇ ਕੋਲ ਇੱਕ ਘਰ ਹੋਵੇ। ਉਹ ਬਿਮਾਰਾਂ ਕੋਲ ਆਇਆ ਅਤੇ ਆਪ ਬਿਮਾਰ ਬਣ ਗਿਆ, ਤਾਂ ਜੋ ਅਸੀਂ ਚੰਗੇ ਹੋ ਸਕੀਏ। ਉਹ ਪਾਪੀ ਕੋਲ ਆਇਆ, "ਅਤੇ ਆਪਣੇ ਆਪ ਨੂੰ, ਪਾਪੀ ਬਣਾ ਲਿਆ," ਤਾਂ ਜੋ ਸਾਨੂੰ ਬਚਾਇਆ ਜਾ ਸਕੇ।

128 ਕੋਈ ਹੈਰਾਨੀ ਨਹੀਂ ਕਿ ਉਸਨੂੰ ਉੱਚਾ ਕੀਤਾ ਗਿਆ ਸੀ। ਕੋਈ ਹੈਰਾਨੀ ਨਹੀਂ ਕਿ ਉਹ ਅੱਜ ਰਾਤ ਕੌਣ ਹੈ। ਪਰਮੇਸ਼ੁਰ ਨੇ ਉਸਨੂੰ ਉੱਚਾ ਕੀਤਾ ਹੈ, ਅਤੇ ਸਵਰਗ ਅਤੇ ਧਰਤੀ ਦਾ ਸਾਰਾ ਇੱਖਤਿਆਰ ਉਸਨੂੰ ਦਿੱਤਾ ਗਿਆ ਹੈ।

129 ਜਦੋਂ ਉਸਦਾ ਧਰਤੀ ਦਾ ਕੰਮ ਪੂਰਾ ਹੋ ਗਿਆ ਸੀ, ਇੱਥੇ ਧਰਤੀ ਉੱਤੇ… ਉਹ ਧਰਤੀ ਤੇ ਆਇਆ, ਜਿਵੇਂ ਹੀ ਉਹ ਆਇਆ, ਸਵੇਰ ਦੇ ਤਾਰੇ ਨੇ ਉਸ ਨੂੰ ਪਰਮੇਸ਼ੁਰ ਦਾ ਪੁੱਤਰ ਹੋਣ ਦਾ ਐਲਾਨ ਕੀਤਾ। ਜਿਹੜਾ ਉਸ ਦੇ ਸੰਪਰਕ

ਵਿੱਚ ਆਇਆ ਉਸਨੇ ਹਰ ਉਸ ਸ਼ੈਤਾਨ ਨੂੰ ਹਿਲਾ ਦਿੱਤਾ। ਪ੍ਰਭੂ ਦਾ ਨਾਮ ਮੁਬਾਰਕ ਹੋਵੇ! ਸ਼ੈਤਾਨ ਕੰਬਦੇ ਅਤੇ ਹਿੱਲਦੇ ਸਨ, ਅਤੇ ਉਸਦੀ ਹਜ਼ੂਰੀ ਵਿੱਚ ਰਹਿਮ ਦੀ ਭੀਖ ਮੰਗਦੇ ਸਨ। ਹਾਂ, ਸ਼੍ਰੀਮਾਨ। ਸਾਰੇ ਨਰਕ ਨੂੰ ਪਤਾ ਸੀ ਕਿ ਉਹ ਕੌਣ ਸੀ।

130 ਨਿਮਰਤਾ ਨਾਲ ਚੱਲਿਆ, ਬਰਸਾਤ ਵਾਲੀ ਰਾਤ ਨੂੰ, ਉਸ ਕੋਲ ਆਪਣਾ ਸਿਰ ਲੁਕਾਉਣ ਲਈ ਜਗ੍ਹਾ ਨਹੀਂ ਹੁੰਦੀ ਸੀ। ਉਹੀ ਪਸ਼ੂ ਜਿਹੜੇ ਉਸਨੇ ਬਣਾਏ ਹਨ, "ਹਵਾ ਦੇ ਪੰਛੀਆਂ ਦੇ ਆਲ੍ਹਣੇ ਹਨ, ਅਤੇ ਲੂੰਬੜੀਆਂ ਦੇ ਘੁਰਨੇ ਹਨ, ਪਰ ਮਨੁੱਖ ਦੇ ਪੁੱਤਰ ਕੋਲ ਆਪਣਾ ਮੁਬਾਰਕ ਸਿਰ ਲੁਕਾਉਣ ਲਈ ਥਾਂ ਨਹੀਂ ਹੈ।" ਯਕੀਨਨ, ਉਹ ਸੀ।

131 ਉਹ ਪਾਪ ਬਣ ਗਿਆ, ਨੀਵਾਂ ਬਣਿਆ ਅਤੇ ਛੇਕ ਦਿੱਤਾ ਗਿਆ। ਪਰ ਸ਼ੈਤਾਨ ਜਾਣਦੇ ਸਨ ਕਿ ਉਹ ਕੌਣ ਸੀ। ਉਨ੍ਹਾਂ ਨੇ ਰਹਿਮ ਲਈ ਬੇਨਤੀ ਕੀਤੀ। ਓਹਨਾਂ ਨੇ ਕਿਹਾ, "ਤੂੰ ਸਮੇਂ ਤੋਂ ਪਹਿਲਾਂ ਸਾਡਾ ਨਾਸ਼ ਕਰਨ ਲਈ ਕਿਉਂ ਆਇਆ ਹੈਂ?" ਅਤੇ ਜਦਕਿ ਪ੍ਰਚਾਰਕ ਉਸਨੂੰ ਇਹ ਆਖ ਰਹੇ ਸਨ, "ਬਾਅਲਜਬੂਬ, ਭਵਿੱਖ ਦੱਸਣ ਵਾਲਾ," ਭੂਤ ਉਸਨੂੰ ਆਖ ਰਹੇ ਸਨ, "ਜਿਉਂਦੇ ਪਰਮੇਸ਼ੁਰ ਦਾ ਪੁੱਤਰ," ਅਤੇ ਰਹਿਮ ਦੀ ਭੀਖ ਮੰਗ ਰਹੇ ਸਨ।

132 ਔਹ, ਕੀ ਅਸੀਂ ਸਿਰਫ ਇੱਕ ਮਿੰਟ ਲਈ ਰੁਕ ਸਕਦੇ ਹਾਂ! ਤੁਸੀਂ ਕੌਣ ਹੋ, ਕਿਸੇ ਵੀ ਤਰ੍ਹਾਂ? ਤੁਹਾਨੂੰ ਮਿਲੀ ਹੋਈ ਨੌਕਰੀ ਦਾ ਕੀ ਮਤਲਬ ਹੈ? ਜਾਂ ਉਸ ਛੋਟੇ ਜਿਹੇ ਘਰ ਦਾ ਕੀ ਮਤਲਬ ਹੈ ਜਿਸਦੇ ਅਸੀਂ ਮਾਲਕ ਹਾਂ? ਸਾਡੀ ਮਾਲਕੀ ਵਾਲੀ ਕਾਰ ਦਾ ਕੀ ਮਤਲਬ ਹੈ?

133 ਸੋਹਣੀ ਛੋਟੀ ਕੁੜੀ, ਤੂੰ ਛੋਟੀ ਜਿਹੀ ਚੁਸਤ ਚੀਜ਼, ਉਸ ਰੂਪ ਦਾ ਕੀ ਮਾਇਨੇ ਹੈ ਜੋ ਹੁਣ ਤੇਰੇ ਕੋਲ ਹੈ? ਤੁਸੀਂ ਚਮਕਦਾਰ, ਤਿਲਕਵੇਂ ਵਾਲਾਂ ਵਾਲੇ, ਸਿੱਧੇ ਮੋਢੇ ਵਾਲੇ ਨੌਜਵਾਨੋ, ਤੁਸੀਂ ਕਿਸੇ ਦਿਨ ਝੁਕ ਜਾਓਗੇ, ਜਦੋਂ ਉਮਰ ਦੇ ਨਾਲ ਕੁੱਬੇ ਹੋ ਜਾਓਗੇ।

134 ਪਰ, ਪ੍ਰਭੂ ਮੁਬਾਰਕ ਹੋਵੇ! ਤੁਹਾਡੇ ਕੋਲ ਇੱਕ ਪ੍ਰਾਣ ਹੈ ਜੋ ਦੁਬਾਰਾ ਜਨਮ ਲੈਂਦਾ ਹੈ। ਤੁਸੀਂ ਹਮੇਸ਼ਾ ਹਮੇਸ਼ਾ ਲਈ ਜੀਉਂਦੇ ਰਹੋਗੇ, ਕਿਉਂਕਿ ਉਹ ਤੁਸੀਂ ਬਣ ਗਿਆ ਹੈ, ਤਾਂ ਜੋ ਤੁਸੀਂ ਉਸਦੀ ਕਿਰਪਾ ਰਾਹੀਂ ਉਹ ਬਣ ਸਕੋ, ਅਤੇ ਆਪਣੇ ਲਈ ਜਗ੍ਹਾ ਬਣਾ ਸਕੋ।

135 ਆਹ, ਅਸੀਂ ਜੋ ਸੋਚਦੇ ਹਾਂ ਕਿ ਸਾਡੇ ਕੋਲ ਕੱਪੜੇ ਹਨ, ਅਤੇ ਘਰ ਵਿੱਚ ਕੁਝ ਕਰਿਆਨਾ ਰੱਖਿਆ ਹੈ, ਅਸੀਂ ਕੀ ਹਾਂ? ਪਰਮੇਸ਼ੁਰ ਇਸਨੂੰ ਇੱਕ ਸਕਿੰਟ ਵਿੱਚ ਲੈ ਸਕਦਾ ਹੈ। ਤੁਹਾਡਾ ਹਰੇਕ ਸਾਹ ਉਸਦੇ ਹੱਥ ਵਿੱਚ ਹੈ। ਅਤੇ ਉਹ ਸਾਡੇ ਵਿਚਕਾਰ ਬਿਮਾਰਾਂ ਨੂੰ ਚੰਗਾ ਕਰਨ ਲਈ, ਘੋਸ਼ਣਾ ਕਰਨ ਅਤੇ ਦਾਅਵਾ

ਕਰਨ, ਅਤੇ ਭਵਿੱਖਬਾਣੀ ਕਰਨ ਲਈ ਰਹਿੰਦਾ ਹੈ, ਅਤੇ ਹਰ ਵਾਰ ਸਹੀ ਹੁੰਦਾ ਹੈ। ਅਤੇ ਇੱਥੋਂ ਤੱਕ ਕਿ ਸਾਡੇ ਵਿਚਕਾਰ, ਇੱਕ ਛੋਟੀ, ਮਰੀ ਹੋਈ ਮੱਛੀ ਨੂੰ ਦੁਬਾਰਾ ਜੀਵਨ ਵਿੱਚ ਲਿਆਉਣ ਲਈ ਫਿਕਰਮੰਦ ਹੈ। ਯਹੋਵਾਹ ਸਾਡੇ ਆਲੇ ਦੁਆਲੇ, ਯਹੋਵਾਹ ਸਾਡੇ ਵਿੱਚ, ਮਹਾਨ ਅਤੇ ਸ਼ਕਤੀਸ਼ਾਲੀ **ਮੈਂ ਹਾਂ**।

136 ਜਦੋਂ ਉਹ ਮਰ ਗਿਆ, ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਨੇ ਉਸ ਨੂੰ ਖਤਮ ਕਰ ਦਿੱਤਾ ਸੀ। ਉਹ ਨਰਕ ਵਿੱਚ ਉੱਤਰ ਗਿਆ। ਜਦੋਂ ਉਹ ਉਸ ਦਿਨ ਧਰਤੀ ਛੱਡ ਗਿਆ ਜਦੋਂ ਉਸਨੂੰ ਸਲੀਬ ਦਿੱਤੀ ਗਈ ਸੀ, ਉਹ ਗੁਆਚੇ ਹੋਇਆਂ ਦੇ ਖੇਤਰਾਂ ਵਿੱਚ ਚਲਾ ਗਿਆ। ਬਾਈਬਲ ਨੇ ਕਿਹਾ, "ਉਸਨੇ ਜਾਕੇ ਉਹਨਾਂ ਆਤਮਾਵਾਂ ਨੂੰ ਪ੍ਰਚਾਰ ਕੀਤਾ ਜੋ ਕੈਦ ਵਿੱਚ ਸਨ, ਜਿਹਨਾਂ ਨੇ ਧੀਰਜ ਰੱਖ ਕੇ, ਨੂਹ ਦੇ ਦਿਨਾਂ ਵਿੱਚ ਤੋਬਾ ਨਹੀਂ ਕੀਤੀ।" ਜਦੋਂ ਉਹ ਮਰ ਗਿਆ, ਅਤੇ ਉਸਦੀ ਆਤਮਾ ਉਸਨੂੰ ਛੱਡ ਗਈ, ਉਹ ਦੁਬਾਰਾ ਲੋਗੋਸ ਬਣ ਗਿਆ। ਉਸਨੇ, ਮੈਂ ਵੇਖਦਾ ਹਾਂ, ਕਿਹਾ, "ਮੈਂ ਪਰਮੇਸ਼ੁਰ ਤੋਂ ਆਇਆ ਹਾਂ। ਮੈਂ ਪਰਮੇਸ਼ੁਰ ਕੋਲ ਵਾਪਸ ਜਾਂਦਾ ਹਾਂ।"

137 ਅਤੇ ਪਰਮੇਸ਼ੁਰ ਅੱਗ ਦਾ ਉਹ ਥੰਮ੍ਹ ਸੀ ਜੋ ਉਜਾੜ ਵਿੱਚ ਬੱਚਿਆਂ ਦੀ ਅਗਵਾਈ ਕਰਦਾ ਸੀ। ਅਤੇ ਜਦੋਂ ਉਹ ਇੱਥੇ ਧਰਤੀ ਉੱਤੇ ਸੀ…ਅਤੇ ਜਦੋਂ ਉਹ ਮਰ ਗਿਆ, ਉਹ ਮੁੜ ਕੇ ਇੱਕ ਜੋਤ ਬਣ ਗਿਆ। ਪੌਲੁਸ ਨੇ ਉਸਨੂੰ ਦੇਖਿਆ, ਅਤੇ ਉਹ ਇੱਕ ਜੋਤ ਸੀ। ਬਾਕੀਆਂ ਵਿੱਚੋਂ ਕਿਸੇ ਨੇ ਵੀ ਉਸਨੂੰ ਨਹੀਂ ਦੇਖਿਆ। ਉਨ੍ਹਾਂ ਨੇ ਪੌਲੁਸ ਨੂੰ ਡਿੱਗਦੇ ਦੇਖਿਆ। ਕੋਈ ਚੀਜ਼ ਉਸ ਤੇ ਪਈ, ਅਤੇ ਇਹ ਇੱਕ ਜੋਤ ਸੀ। ਪੌਲੁਸ ਨੇ ਕਿਹਾ, "ਇਹ ਕੌਣ ਹੈ ਜਿਸ ਨੂੰ ਮੈਂ ਸਤਾਉਂਦਾ ਹਾਂ?"

138 ਉਸ ਨੇ ਕਿਹਾ, "ਸੌਲੁਸ, ਸੌਲੁਸ, ਤੂੰ ਮੈਨੂੰ ਕਿਉਂ ਸਤਾਉਂਦਾ ਹੈਂ?"

ਉਸ ਨੇ ਪੁੱਛਿਆ, "ਇਹ ਕੌਣ ਹੈ?"

139 ਉਸ ਨੇ ਕਿਹਾ, "ਮੈਂ ਯਿਸੂ ਹਾਂ, ਜਿਸ ਨੂੰ ਤੂੰ ਸਤਾਉਂਦਾ ਹੈਂ, ਅਤੇ ਤੇਰੇ ਲਈ ਕੰਢਿਆਂ ਨੂੰ ਮਾਰਨਾ ਔਖੀ ਗੱਲ ਹੈ।"

140 ਫਿਰ ਉਹ ਗਿਆ ਅਤੇ ਉਸ ਪ੍ਰਕਾਸ਼ ਦਾ ਅਧਿਐਨ ਕੀਤਾ। ਪੌਲੁਸ ਬਾਈਬਲ ਵਿੱਚ ਵਾਪਸ ਗਿਆ, ਇਹ ਪਤਾ ਲਗਾਉਣ ਲਈ ਕਿ ਉਹ ਜੋਤ ਕੀ ਸੀ। ਅਤੇ ਉਸਨੇ ਇਹ ਪੱਤਰ ਲਿਖਿਆ। ਉਹ ਉਹੀ ਯਹੋਵਾਹ ਹੈ। ਉਹੀ ਰੋਸ਼ਨੀ ਇਜ਼ਰਾਈਲ ਦੇ ਬੱਚਿਆਂ ਨਾਲ ਉਜਾੜ ਵਿੱਚ ਸੀ। ਅਤੇ ਜਦੋਂ ਪਤਰਸ ਜੇਲ੍ਹ ਵਿੱਚ ਸੀ, ਉਹ ਇੱਕ ਚਾਨਣ ਸੀ ਜੋ ਅੰਦਰ ਆਇਆ ਅਤੇ ਦਰਵਾਜ਼ੇ ਖੋਲ੍ਹੇ।

141 ਅਤੇ ਉਸਦੀ ਕਿਰਪਾ ਨਾਲ, ਇਸ ਲਈ ਕਿਸੇ ਕੋਲ ਕੋਈ ਬਹਾਨਾ ਨਹੀਂ ਹੋਵੇਗਾ…ਔਹ, ਜੇ ਉਹ ਅਨਪੜ੍ਹ ਸੰਦੇਸ਼ਵਾਹਕਾਂ ਨੂੰ ਭੁੱਲ ਸਕਦੇ, ਅਤੇ ਯਾਦ

ਰੱਖੋ: ਇਹ ਸੰਦੇਸ਼ਵਾਹਕ ਨਹੀਂ ਹੈ, ਇਹ ਸੰਦੇਸ਼ ਹੈ। ਉਹ ਸਾਡੇ ਨਾਲ, ਇੱਕ ਪ੍ਰਕਾਸ਼ ਦੇ ਥੰਮ੍ਹ ਦੇ ਰੂਪ ਵਿੱਚ, ਦੁਬਾਰਾ ਹੇਠਾਂ ਆਇਆ ਹੈ। ਅਤੇ ਉਹ ਆਪਣੇ ਉਹੀ ਚਮਤਕਾਰਾਂ ਅਤੇ ਚਿੰਨ੍ਹਾਂ ਨਾਲ ਚਲਦਾ ਹੈ, ਬਾਈਬਲ ਤੋਂ ਕੁਝ ਵੀ ਬਾਹਰ ਨਹੀਂ; ਬਿਲਕੁਲ ਬਾਈਬਲ ਦੇ ਨਾਲ ਰਹਿਣਾ, ਇਸ ਦੇ ਅਧੀਨ ਰਹਿਣਾ, ਉਸਦੀ ਮਹਿਮਾ ਨੂੰ ਬਾਹਰ ਲਿਆਉਣਾ, ਉਸਦੀ ਸ਼ਕਤੀ ਨੂੰ ਦਰਸਾਉਣਾ। ਉਸ ਦਾ ਪਵਿੱਤਰ ਨਾਮ ਮੁਬਾਰਕ ਹੋਵੇ!

142 ਮੈਂ ਜਾਣਦਾ ਹਾਂ ਕਿ ਤੁਸੀਂ ਜਰੂਰ ਇਹ ਸੋਚੋਗੇ ਕਿ ਮੈਂ ਪਾਗਲ ਹਾਂ; ਪਰ, ਔਹ, ਉਹ ਮੁਬਾਰਕ ਸਦੀਪਕ ਆਰਾਮ ਜੋ ਮੇਰੇ ਪ੍ਰਾਣ ਵਿੱਚ ਹੈ, ਭਾਵੇਂ ਤੂਫਾਨ ਲਹਿਰਾ ਸਕਦੇ ਹਨ, ਮੇਰਾ ਲੰਗਰ ਪਰਦੇ ਵਿੱਚ ਹੈ।

143 ਅਤੇ ਉਸ ਨੂੰ ਦੇਖਣ ਲਈ ਜਦੋਂ ਉਹ ਮਰ ਗਿਆ, ਏਥੋਂ ਤਕ, ਚੰਦਰਮਾ ਘਬਰਾ ਕੇ ਮੂੰਹ ਭਾਰ ਹੋ ਗਿਆ, ਦਿਨ ਦੇ ਅੱਧ ਵਿਚ ਸੂਰਜ ਡੁੱਬ ਗਿਆ। ਅਤੇ ਜਦੋਂ ਉਹ ਗੁਆਚਿਆਂ ਹੋਇਆਂ ਦੇ ਖੇਤਰ ਵਿੱਚ ਗਿਆ, [ਭਾਈ ਬ੍ਰਨਹਾਮ ਪਲਪਿਟ ਨੂੰ ਖੜਕਾਉਂਦੇ ਹਨ—ਸੰਪਾ.] ਦਰਵਾਜ਼ਾ ਖੜਕਾਇਆ, ਅਤੇ ਦਰਵਾਜ਼ਾ ਖੁੱਲ੍ਹ ਗਿਆ। ਬਾਈਬਲ ਨੇ ਕਿਹਾ, “ਉਸਨੇ ਉਹਨਾਂ ਰੂਹਾਂ ਨੂੰ ਪ੍ਰਚਾਰ ਕੀਤਾ ਜੋ ਕੈਦ ਵਿੱਚ ਸਨ, ਜਿਨ੍ਹਾਂ ਨੇ ਨੂਹ ਦੇ ਦਿਨਾਂ ਵਿੱਚ ਧੀਰਜ ਨਾਲ ਤੋਬਾ ਨਹੀਂ ਕੀਤੀ,” ਉਸ ਦੇ ਇਸ ਧਰਤੀ ਤੇ ਮਰਨ ਤੋਂ ਬਾਅਦ। ਮੇਰਾ ਭਰਾ, ਮੇਰੀ ਭੈਣ, ਜਦੋਂ ਉਹ ਮਰ ਗਿਆ, ਉਸ ਦਾ ਧਰਤੀ ਦਾ ਕੰਮ ਪੂਰਾ ਹੋ ਗਿਆ ਸੀ, ਪਰ ਉਹ ਅਜੇ ਵੀ ਕੰਮ ਕਰ ਰਿਹਾ ਸੀ। ਅਤੇ ਉਹ ਅੱਜ ਰਾਤ ਵੀ ਕੰਮ ਕਰ ਰਿਹਾ ਹੈ। ਆਮੀਨ।

144 ਉਸ ਨੇ ਗੁਆਚਿਆਂ ਹੋਇਆਂ ਦੇ ਦਰਵਾਜ਼ੇ ਖੜਕਾਏ। ਬਾਈਬਲ ਨੇ ਕਿਹਾ ਕਿ ਉਸਨੇ ਅਜਿਹਾ ਕੀਤਾ। ਅਤੇ ਉਸਨੇ ਗਵਾਹੀ ਦਿੱਤੀ, “ਮੈਂ ਇਸਤ੍ਰੀ ਦਾ ਬੀਜ ਹਾਂ। ਮੈਂ ਉਹ ਹਾਂ ਜਿਸ ਬਾਰੇ ਆਦਮ ਨੇ ਗੱਲ ਕੀਤੀ ਸੀ। ਮੈਂ ਉਹ ਹਾਂ ਜਿਸ ਬਾਰੇ ਹਨੋਕ ਨੇ ਕਿਹਾ ਸੀ ਕਿ ਉਹ ਆਪਣੇ ਦਸ ਹਜ਼ਾਰ ਸੰਤਾਂ ਨਾਲ ਆਵੇਗਾ। ਮੈਂ ਜੀਵਿਤ ਪਰਮੇਸ਼ੁਰ ਦਾ ਪੁੱਤਰ ਹਾਂ, ਅਤੇ ਤੁਸੀਂ ਆਪਣੀ ਕਿਰਪਾ ਦੇ ਦਿਨ ਨੂੰ ਪਾਪ ਵਿੱਚ ਨਾਸ਼ ਕਰ ਦਿੱਤਾ। ਪਰ ਇਹ ਤੁਹਾਡੇ ਲਈ, ਦੂਤਾਂ, ਹਨੋਕ, ਨੂਹ ਦੁਆਰਾ ਭਵਿੱਖਬਾਣੀ ਕੀਤਾ ਗਿਆ ਸੀ, ਕਿ ਮੈਨੂੰ ਪਰਮੇਸ਼ੁਰ ਦੀ ਬਾਈਬਲ ਦੇ ਹਰ ਬਚਨ ਨੂੰ ਪੂਰਾ ਕਰਨ ਲਈ ਆਉਣਾ ਪਵੇਗਾ। ਮੈਂ ਇੱਥੇ ਇਸ ਦੇ ਗਵਾਹ ਵਜੋਂ ਹਾਂ ‘ਗੁਆਚਿਆਂ ਹੋਇਆਂ ਦੀ ਧਰਤੀ।’” ਅਤੇ ਉਸਨੇ ਉਨ੍ਹਾਂ ਨੂੰ ਪ੍ਰਚਾਰ ਕੀਤਾ।

ਉਹ ਹੇਠਾਂ ਨਰਕ ਵਿੱਚ ਚਲਾ ਗਿਆ, ਸਿੱਧਾਂ ਹੇਠਾਂ ਨਰਕ ਦੇ ਦਰਵਾਜ਼ੇ ਤੇ, ਦਰਵਾਜ਼ਾ ਖੜਕਾਇਆ। ਸ਼ੈਤਾਨ ਨੇ ਦਰਵਾਜ਼ਾ ਖੋਲ੍ਹਿਆ, ਕਿਹਾ, “ਤੂੰ ਹੁਣ

ਮੇਰੇ ਕਾਬੂ ਵਿੱਚ ਹੈਂ।”

145 ਉਸਦੇ ਕੋਲੋਂ ਕੁੰਜੀਆਂ ਨੂੰ ਝਪੱਟਾ ਮਾਰ ਕੇ ਖੋਹ ਲਿਆ, ਕਿਹਾ, “ਹੇ ਸ਼ੈਤਾਨ, ਤੂੰ ਲੰਬੇ ਸਮੇਂ ਤੋਂ ਝਾਂਸਾ ਦਿੰਦਾ ਰਿਹਾ ਹੈਂ।” ਇਹ ਇੱਥੇ ਹੈ, ਠੀਕ ਇਸੇ ਬਾਈਬਲ ਵਿੱਚ। ਮੈਂ ਇੱਕ ਮਿੰਟ ਵਿੱਚ ਇਸ ਤੇ ਜਾਵਾਂਗਾ। “ਤੁਸੀਂ ਲੰਬੇ ਸਮੇਂ ਤੋਂ ਝਾਂਸਾ ਦਿੰਦਾ ਰਿਹਾ ਹੈਂ, ਪਰ ਮੈਂ ਇਸ ਤੇ ਕਬਜਾ ਕਰਣ ਲਈ ਆਇਆ ਹਾਂ।” ਉਨ੍ਹਾਂ ਕੁੰਜੀਆਂ ਨੂੰ ਫੜ ਲਿਆ ਅਤੇ ਉਸਨੂੰ ਵਾਪਸ ਅੰਦਰ ਸੁੱਟ ਦਿੱਤਾ, ਅਤੇ ਦਰਵਾਜ਼ਾ ਬੰਦ ਕਰ ਦਿੱਤਾ।

ਆ ਕੇ ਅਬਰਾਹਾਮ, ਇਸਹਾਕ ਅਤੇ ਯਾਕੂਬ ਨੂੰ ਚੁੱਕ ਲਿਆ। ਤੀਜੇ ਦਿਨ ਉਹ ਜੀ ਉੱਠਿਆ, ਅਤੇ ਉਹ ਜਿਹੜੇ ਕਬਰ ਵਿੱਚ ਸੁੱਤੇ ਹੋਏ ਸਨ ਉਹ ਦੇ ਨਾਲ ਉੱਠੇ। ਔਹ, ਹਲਲੂਯਾਹ! ਕੋਈ ਹੈਰਾਨੀ ਨਹੀਂ ਕਿ ਕਵੀ ਨੇ ਕਿਹਾ:

ਜਿਉਂਦੇ ਹੋਏ, ਉਸਨੇ ਮੈਨੂੰ ਪ੍ਰੇਮ ਕੀਤਾ; ਮਰਦੇ ਹੋਏ, ਉਸਨੇ ਮੈਨੂੰ ਬਚਾ ਲਿਆ;
ਦਫਨਾਏ ਜਾਣ ਤੇ, ਉਹ ਮੇਰੇ ਪਾਪ ਦੂਰ ਲੈ ਗਿਆ;
ਜੀ ਉੱਠਦੇ ਹੋਏ, ਉਸਨੇ ਮੈਨੂੰ ਹਮੇਸ਼ਾ ਦੇ ਲਈ ਧਰਮੀ ਠਹਿਰਾ ਕੇ ਅਜਾਦ ਕੀਤਾ:
ਕਿਸੇ ਦਿਨ ਉਹ ਆ ਰਿਹਾ ਹੈ—ਔਹ, ਸ਼ਾਨਦਾਰ ਦਿਨ।

146 ਮੁਬਾਰਕ ਹੋਵੇ ਉਹ ਬੰਧਨ ਜੋ ਸਾਡੇ ਦਿਲਾਂ ਨੂੰ ਮਸੀਹੀ ਸੰਗਤ, ਪਰਮੇਸ਼ੁਰ ਦੇ ਪਿਆਰ ਨਾਲ ਬੰਨ੍ਹ ਕੇ ਰੱਖਦਾ ਹੈ। ਜਦੋਂ ਉਹ ਜੀ ਉੱਠਿਆ, ਉਸਦਾ ਕੰਮ ਅਜੇ ਪੂਰਾ ਨਹੀਂ ਹੋਇਆ ਸੀ। ਉਸ ਕੋਲ ਕੁਝ ਹੋਰ ਕੰਮ ਸੀ।

147 ਬਾਈਬਲ ਨੇ ਕਿਹਾ, “ਉਹ ਉੱਚੇ ਤੇ ਚੜ੍ਹਿਆ ਅਤੇ ਮਨੁੱਖਾਂ ਨੂੰ ਦਾਨ ਦਿੱਤੇ।” ਧਰਤੀ ਉੱਤੇ ਇੱਕ ਐਸਾ ਮਾਹੌਲ ਛਾਇਆ ਹੋਇਆ ਸੀ, ਹਨੇਰੇ ਦਾ, ਵੀਰਾਨੀ ਦਾ, ਮੌਤ ਦਾ, ਅਤੇ ਥਕਾਨ ਦਾ। ਪ੍ਰਾਰਥਨਾਵਾਂ ਉੱਪਰ ਨਹੀਂ ਜਾ ਸਕਦੀਆਂ ਸਨ, ਕਿਉਂਕਿ ਪ੍ਰਾਸਚਿਤ ਨਹੀਂ ਕੀਤਾ ਗਿਆ ਸੀ। ਪਰ, ਉਸਨੇ ਉਸ ਪਰਦੇ ਨੂੰ ਪਾੜ ਦਿੱਤਾ। ਉਸ ਨੇ ਰਾਹ ਖੋਲ੍ਹ ਦਿੱਤਾ। ਉਸਨੇ ਬਿਮਾਰੀ ਦਾ ਪਰਦਾ ਪਾੜ ਦਿੱਤਾ। ਉਸ ਨੇ ਪਾਪ ਦਾ ਪਰਦਾ ਪਾੜ ਦਿੱਤਾ। ਉਸ ਨੇ ਥਕਾਨ ਦਾ ਪਰਦਾ ਪਾੜ ਦਿੱਤਾ। ਉਸ ਨੇ ਉਦਾਸੀ ਦਾ ਪਰਦਾ ਪਾੜ ਦਿੱਤਾ। ਉਸਨੇ ਹਰ ਪਰਦਾ ਪਾੜ ਦਿੱਤਾ, ਅਤੇ ਰਾਜੇ ਦੇ ਰਾਜ ਮਾਰਗ ਉੱਤੇ ਤੁਰਨ ਵਾਲੇ ਰਾਹਗੀਰ ਲਈ, ਇੱਕ ਰਾਜਮਾਰਗ ਬਣਾਇਆ। ਔਹ, ਮੇਰੇ, ਜਦੋਂ ਉਹ ਚੰਦਰਮਾ ਅਤੇ ਤਾਰਿਆਂ ਨੂੰ ਪਾਰ ਕਰ ਗਿਆ, ਅੱਗੇ ਅੱਗੇ ਗਿਆ!

148 ਉਸਦੇ ਪਿੱਛੇ, ਪੁਰਾਣੇ ਨੇਮ ਦੇ ਸੰਤ, ਅਬਰਾਹਾਮ, ਇਸਹਾਕ ਅਤੇ ਯਾਕੂਬ ਆਏ। ਉਹ ਸਿੱਧੇ ਸਵਰਗਾਂ ਦੇ ਸਵਰਗ ਵਿੱਚ ਚਲੇ ਗਏ। ਜਦੋਂ ਉਹ ਸ਼ਹਿਰ

ਤੋਂ ਦੂਰ ਸਨ, ਮੈਂ ਉਨ੍ਹਾਂ ਨੂੰ ਆਪਣੀਆਂ ਅੱਖਾਂ ਚੁੱਕਦੇ ਹੋਏ ਦੇਖ ਸਕਦਾ ਹਾਂ। ਅਬਰਾਹਾਮ ਨੇ ਕਿਹਾ, "ਇਹ ਉਹ ਸ਼ਹਿਰ ਹੈ ਜਿਸਨੂੰ ਮੈਂ ਦੇਖਣਾ ਚਾਹੁੰਦਾ ਸੀ। ਔਹ, ਇੱਥੇ ਆ, ਇਸਹਾਕ। ਇੱਥੇ ਆ, ਯਾਕੂਬ। ਔਹ, ਅਸੀਂ ਤੀਰਥ ਯਾਤਰੀ ਅਤੇ ਧਰਤੀ ਦੇ ਅਜਨਬੀ ਸੀ, ਪਰ ਇੱਥੇ ਉਹ ਸ਼ਹਿਰ ਹੈ। ਇੱਥੇ ਉਹ ਹੈ ਜਿਸਦੀ ਅਸੀਂ ਉਡੀਕ ਕਰ ਰਹੇ ਸੀ।"

149 ਅਤੇ ਬਾਈਬਲ ਕਹਿੰਦੀ ਹੈ ਕਿ ਉਹ ਚੀਕਦੇ ਸਨ, "ਉੱਚੇ ਹੋਵੋ, ਹੇ ਫਾਟਕੋ, ਆਪਣੇ ਸਿਰ ਉੱਚੇ ਕਰੋ, ਹੇ ਆਦੀ ਦਰਵੱਜਿਓ, ਉੱਚੇ ਹੋ ਜਾਓ, ਤਾਂ ਜਲਾਲ ਦਾ ਪਾਤਸ਼ਾਹ ਅੰਦਰ ਆਵੇਗਾ।"

150 ਅਤੇ ਦਰਵਾਜ਼ਿਆਂ ਦੇ ਪਿੱਛੇ ਦੇ ਦੂਤਾਂ ਨੇ ਇਨ੍ਹਾਂ ਦੂਤਾਂ ਨੂੰ ਵਾਪਸ ਪੁਕਾਰਿਆ, ਅਤੇ ਕਿਹਾ, "ਇਹ ਜਲਾਲ ਦਾ ਪਾਤਸ਼ਾਹ ਕੌਣ ਹੈ?"

151 ਅਤੇ ਇੱਥੇ ਬਾਹਰ ਦੂਤਾਂ ਨੇ, ਨਬੀਆਂ ਨੇ ਕਿਹਾ, "ਸੈਨਾਂ ਦਾ ਯਹੋਵਾਹ, ਯਹੋਵਾਹ ਜੋ ਯੁੱਧ ਵਿੱਚ ਬਲੀ ਹੈ।"

152 ਅਤੇ ਉਨ੍ਹਾਂ ਨੇ ਬਟਨ ਦਬਾਏ ਅਤੇ ਵੱਡਾ ਦਰਵਾਜ਼ਾ ਖੁੱਲ੍ਹ ਗਿਆ। ਬਿਲਕੁਲ ਰਾਹ ਦੇ ਵਿਚਕਾਰੋਂ ਉਹ ਆਉਂਦਾ ਹੈ, ਵਿਜੇਤਾ, ਜਿੱਤਿਆ ਹੋਇਆ, ਪੁਰਾਣੇ ਨੇਮ ਦੇ ਸੰਤਾਂ ਦੇ ਨਾਲ ਜੋ ਉਸਦੇ ਪਿੱਛੇ ਚੱਲ ਰਹੇ ਹਨ। ਸਿੰਘਾਸਨ ਤੇ ਬੈਠ ਗਿਆ, ਕਿਹਾ, "ਪਿਤਾ, ਉਹ ਇੱਥੇ ਹਨ। ਉਹ ਤੁਹਾਡੇ ਹਨ।"

153 ਉਸ ਨੇ ਕਿਹਾ, "ਇੱਥੇ ਚੜ੍ਹ ਆ ਅਤੇ ਬੈਠ ਜਾ, ਜਦੋਂ ਤੱਕ ਮੈਂ ਤੇਰੇ ਸਾਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰ ਦਿਆਂ।" ਜਿਵੇਂ ਅਸੀਂ ਪੜ੍ਹਦੇ ਹਾਂ, ਅਸੀਂ ਇਸਨੂੰ ਇੱਥੇ ਬਚਨ ਵਿੱਚ ਪਾਉਂਦੇ ਹਾਂ। ਠੀਕ ਹੈ।

154 ਸੁਣੋ। ਹੁਣ ਜਦੋਂ ਅਸੀਂ ਇਸ 8ਵੀਂ ਆਇਤ ਤੇ ਹਾਂ:

> *ਤੈਂ ਸੱਭੋ ਕੁਝ ਉਹ ਦੇ ਪੈਰਾਂ ਹੇਠ ਅਧੀਨ ਕਰ ਦਿੱਤਾ ਹੈ। ਕਿਉਂਕਿ...ਜਦੋਂ ਉਸ ਨੇ ਸੱਭੋ ਕੁਝ ਉਹ ਦੇ ਪੈਰਾਂ ਅਧੀਨ ਅਧੀਨ ਕਰ ਦਿੱਤਾ, ਤਾਂ ਕੁਝ ਨਹੀਂ ਛੱਡਿਆ ਜੋ ਉਹ ਦੇ ਅਧੀਨ ਨਾ ਕੀਤਾ ਹੋਵੇ। ਪਰ ਅਜੇ ਤੀਕੁਰ ਅਸੀਂ ਸਭ ਕੁਝ...ਉਹ ਦੇ ਅਧੀਨ ਕੀਤਾ ਹੋਇਆ ਨਹੀਂ ਵੇਖਦੇ।*

ਉਹ ਹੈ, ਮੌਤ। ਅਸੀਂ ਅਜੇ ਵੀ, ਮੌਤ ਨੂੰ ਨਹੀਂ ਵੇਖਦੇ, ਕਿਉਂਕਿ ਅਸੀਂ ਅਜੇ ਵੀ ਮਰ ਰਹੇ ਹਾਂ। ਅਸੀਂ ਮੌਤ ਦੇਖਦੇ ਹਾਂ।

ਪਰ, 9ਵੀਂ ਆਇਤ, "ਪਰ ਸਾਨੂੰ ਯਿਸੂ ਨੂੰ ਵੇਖਦੇ ਹਾਂ!" ਆਮੀਨ। ਸੁਣੋ।

> *...ਪਰ ਅਸੀਂ ਉਹ ਨੂੰ ਜਿਹੜਾ ਦੂਤਾਂ ਨਾਲੋਂ ਥੋੜ੍ਹੇ ਚਿਰ ਲਈ ਘੱਟ ਕੀਤਾ ਗਿਆ ਹੈ ਅਰਥਾਤ ਯਿਸੂ ਨੂੰ ਮੌਤ ਦਾ ਦੁਖ ਝੱਲਣ ਦੇ ਕਾਰਨ*

*ਪਰਤਾਪ ਅਤੇ ਮਾਣ ਦਾ ਮੁਕਟ ਰੱਖਿਆ ਹੋਇਆ ਵੇਖਦੇ ਹਾਂ; ਤਾਂ ਜੋ ਉਹ ਪਰਮੇਸ਼ੁਰ ਦੀ ਕਿਰਪਾ ਨਾਲ ਹਰੇਕ ਮਨੁੱਖ ਲਈ ਮੌਤ ਦਾ ਸੁਆਦ ਚੱਖੇ।*

ਉਸਨੂੰ ਦੂਤਾਂ ਨਾਲੋਂ ਘੱਟ ਕਿਉਂ ਬਣਾਇਆ ਗਿਆ ਸੀ? ਤਾਂ ਜੋ ਉਹ ਮੌਤ ਦਾ ਸੁਆਦ ਚੱਖ ਸਕੇ। ਉਸਨੂੰ ਮਰਨਾ ਪਿਆ। ਉਸ ਨੇ ਆਉਣਾ ਸੀ, ਮਰਨ ਲਈ।

155 ਇੱਥੇ ਦੇਖੋ, ਦੋਸਤ। ਇਸ ਨੂੰ ਕਦੇ ਨਾ ਭੁੱਲੋ। ਜਦੋਂ ਯਿਸੂ ਜਾ ਰਿਹਾ ਸੀ, ਪਹਾੜੀ ਉੱਤੇ ਚੱਲ ਰਿਹਾ ਸੀ, ਮੌਤ ਉਸਦੇ ਸਿਰ ਦੁਆਲੇ ਮੰਡਰਾ ਰਹੀ ਸੀ।

156 ਆਓ ਆਪਣੀ ਤਸਵੀਰ ਨੂੰ ਦੋ ਹਜ਼ਾਰ ਸਾਲ ਪਹਿਲਾਂ, ਯਰੂਸ਼ਲਮ ਵਿੱਚ ਲੈ ਜਾਈਏ। ਅਤੇ ਤੁਸੀਂ ਇਸਨੂੰ ਕਿਵੇਂ ਰੱਦ ਕਰ ਸਕਦੇ ਹੋ? ਮੈਂ ਗਲੀ ਵਿੱਚੋਂ ਆਉਂਦੀ ਹੋਈ ਇੱਕ ਆਵਾਜ਼ ਸੁਣਦਾ ਹਾਂ। ਇਹ ਕੀ ਹੈ? ਇਹ ਕਿਸੇ ਚੀਜ਼ ਦਾ ਉਛਾਲ ਹੈ। ਇਹ ਇੱਕ ਪੁਰਾਣੀ ਘਸੀ ਹੋਈ ਸਲੀਬ ਹੈ ਜੋ ਹੇਠਾਂ ਆ ਰਿਹਾ ਹੈ, ਦਮਿੰਸਕ ਦੇ ਦਰਵਾਜ਼ਿਆਂ ਤੋਂ ਬਾਹਰ ਜਾ ਰਹਿ ਹੈ, ਰਾਹ ਦੇ ਪੱਥਰਾਂ ਨਾਲ ਟਕਰਾ ਕੇ ਉੱਛਲ ਰਹੀ ਹੈ। ਉਹ ਵੱਡੇ ਰਾਹ ਦੇ ਪੱਥਰ ਅਜੇ ਵੀ ਉਥੇ ਹਨ। ਇਨ੍ਹਾਂ ਵੱਡੇ-ਵੱਡੇ ਪੱਥਰਾਂ ਉੱਤੇ ਟਕਰਾਉਣਾ, ਬੰਪਿੱਟੀ-ਬੰਮ। ਮੈਂ ਸੜਕ ਤੇ ਲਹੂ ਛਲਕਦਾ ਹੋਇਆ ਵੇਖਦਾ ਹਾਂ। ਇਹ ਕੀ ਹੈ? ਇਹ ਇੱਕ ਆਦਮੀ ਹੈ ਜਿਸਨੇ ਕੋਈ ਨੁਕਸਾਨ ਨਹੀਂ ਕੀਤਾ; ਭਲੇ ਤੋਂ ਇਲਾਵਾ ਹੋਰ ਕੁਝ ਨਹੀਂ ਕੀਤਾ। ਲੋਕ ਅੰਨ੍ਹੇ ਸਨ। ਉਹ ਉਸਨੂੰ ਨਹੀਂ ਜਾਣਦੇ ਸਨ। ਉਨ੍ਹਾਂ ਨੇ ਉਸ ਨੂੰ ਨਹੀਂ ਪਛਾਣਿਆ।

ਤੁਸੀ ਕਹੋਗੇ, "ਅੰਨ੍ਹੇ? ਕੀ ਉਨ੍ਹਾਂ ਕੋਲ ਨਜ਼ਰ ਹੋ ਸਕਦੀ ਹੈ?"

157 ਤੁਹਾਡੀ ਨਜ਼ਰ ਠੀਕ ਹੋ ਸਕਦੀ ਹੈ ਪਰ ਤੁਸੀਂ ਫਿਰ ਵੀ ਅੰਨ੍ਹੇ ਹੋ ਸਕਦੇ ਹੋ। ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ। ਦੋਥਾਨ ਵਿੱਚ ਅਲੀਸ਼ਾ ਨੂੰ ਯਾਦ ਹੈ? ਉਹ ਬਾਹਰ ਗਿਆ ਅਤੇ ਲੋਕਾਂ ਨੂੰ ਅੰਨ੍ਹਾ ਕਰ ਦਿੱਤਾ, ਕਿਹਾ, "ਹੁਣ ਮੇਰਾ ਪਿੱਛਾ ਕਰੋ।" ਉਹ ਉਸ ਲਈ ਅੰਨ੍ਹੇ ਸਨ।

158 ਅਤੇ ਲੋਕ ਅੱਜ ਰਾਤ ਅੰਨ੍ਹੇ ਹਨ। ਇੱਕ ਖਾਸ ਕਲੀਸਿਯਾ ਜੋ ਰੱਬੀ ਚੰਗਾਈ ਵਿੱਚ ਵਿਸ਼ਵਾਸ ਨਹੀਂ ਕਰਦੀ, ਇੱਕ ਵਾਰ ਮੇਰੇ ਕੋਲ ਆਈ, ਅਤੇ ਕਿਹਾ, "ਮੈਨੂੰ ਅੰਨ੍ਹਾ ਕਰ। ਮੈਨੂੰ ਅੰਨ੍ਹਾ ਕਰ।" ਇਹ ਭਾਈ ਰਾਈਟ ਦੇ ਘਰ ਵਿੱਚ ਹੋਇਆ ਸੀ। ਉਸ ਨੇ ਕਿਹਾ, "ਮੈਨੂੰ ਅੰਨ੍ਹਾ ਕਰ ਦੇ।" ਉਸ ਨੇ ਕਿਹਾ, "ਪੌਲੁਸ ਨੇ ਇੱਕ ਵਾਰ ਇੱਕ ਆਦਮੀ ਨੂੰ, ਅੰਨ੍ਹਾ ਕਰ ਦਿੱਤਾ ਸੀ।" ਉਸ ਨੇ ਕਿਹਾ, "ਮੈਨੂੰ ਅੰਨ੍ਹਾ ਕਰ।"

159 ਮੈਂ ਕਿਹਾ, "ਦੋਸਤ, ਸ਼ੈਤਾਨ ਇਹ ਪਹਿਲਾਂ ਹੀ ਕਰ ਚੁੱਕਾ ਹੈ। ਤੁਸੀਂ ਪਹਿਲਾਂ ਹੀ ਅੰਨ੍ਹੇ ਹੋ। ਯਕੀਨਨ, ਤੁਸੀਂ ਹੋ।"

160 ਉਸ ਨੇ ਕਿਹਾ, "ਇਸ ਛੋਟੀ ਕੁੜੀ ਨੂੰ ਚੰਗਾ ਕਰੋ ਅਤੇ ਮੈਂ ਤੁਹਾਡੇ ਤੇ ਵਿਸ਼ਵਾਸ ਕਰਾਂਗਾ।"

161 ਮੈਂ ਕਿਹਾ, "ਉਸ ਪਾਪੀ ਨੂੰ ਬਚਾਓ ਅਤੇ ਮੈਂ ਤੁਹਾਡੇ ਤੇ ਵਿਸ਼ਵਾਸ ਕਰਾਂਗਾ।" ਯਕੀਨਨ।

162 "ਔਹ," ਉਸ ਨੇ ਕਿਹਾ, "ਉਸਨੂੰ ਵਿਸ਼ਵਾਸ ਕਰਨਾ ਪਵੇਗਾ।"

163 ਮੈਂ ਕਿਹਾ, "ਇੱਥੇ ਵੀ ਉਹੀ ਗੱਲ ਹੈ, ਇਹ ਪਰਮੇਸ਼ੁਰ ਦੀ ਸਵੈ ਅਧੀਨ ਕਿਰਪਾ ਦੁਆਰਾ ਆਉਂਦਾ ਹੈ।"

164 ਸ਼ੈਤਾਨ, ਇਸ ਸੰਸਾਰ ਦੇ ਦੇਵਤੇ ਨੇ, ਲੋਕਾਂ ਦੀਆਂ ਅੱਖਾਂ ਨੂੰ ਅੰਨ੍ਹਾ ਕਰ ਦਿੱਤਾ ਹੈ। "ਉਹਨਾਂ ਦੀਆਂ ਅੱਖਾਂ ਹਨ ਪਰ ਉਹ ਦੇਖ ਨਹੀਂ ਸਕਦੇ," ਬਾਈਬਲ ਨੇ ਕਿਹਾ।

165 ਇੱਥੇ ਉਹ ਸੀ, ਗਲੀ ਵਿੱਚ ਜਾ ਰਿਹਾ ਸੀ, ਸੜਕ ਉੱਤੇ ਖੂਨੀ ਪੈਰਾਂ ਦੇ ਨਿਸ਼ਾਨ ਛਾਪ ਰਿਹਾ ਸੀ। ਮੌਤ ਦੀ *ਮੱਖੀ* ਉਸ ਦੇ ਦੁਆਲੇ ਡੰਗ ਮਾਰ ਰਹੀ ਸੀ, ਉਸ ਕੋਲ ਮੰਡਰਾ ਰਹੀ ਸੀ, "ਥੋੜਾ ਜਿਹਾ ਸਮਾਂ ਅਤੇ ਮੈਂ ਤੈਨੂੰ ਲੈ ਲਵਾਂਗੀ।" ਉਹ ਕਮਜ਼ੋਰ ਹੋ ਰਿਹਾ ਸੀ, ਪਾਣੀ ਦੀ ਪਿਆਸ ਲੱਗ ਰਹੀ ਸੀ।

166 ਮੈਨੂੰ ਇੱਕ ਵਾਰ ਗੋਲੀ ਵੱਜੀ ਸੀ, ਇੱਥੇ ਮੈਦਾਨ ਵਿੱਚ ਲੇਟਿਆ ਹੋਇਆ ਸੀ, ਲਹੂ ਮੇਰੇ ਵਿੱਚੋਂ ਨੁਚੜ ਰਿਹਾ ਸੀ। ਮੈਂ ਪਾਣੀ ਲਈ ਪੁਕਾਰਿਆ। ਅਤੇ ਮੇਰਾ ਸਾਥੀ ਦੌੜਿਆ, ਆਪਣੀ ਟੋਪੀ ਲੈ ਕੇ ਪਾਣੀ ਵਿੱਚ ਡੋਬ ਦਿੱਤੀ; ਪੁਰਾਣਾ ਖੜਾ ਪਾਣੀ, ਜਿਸ ਵਿੱਚ ਦੁੰਬ ਵਾਲੇ ਕੀੜੇ ਸਨ। ਉਹ ਆਇਆ, ਅਤੇ ਮੈਂ ਆਪਣਾ ਮੂੰਹ ਖੋਲ੍ਹਿਆ; ਉਸ ਨੇ ਇਸ ਨੂੰ ਨਿਚੋੜਿਆ। ਕਿਉਂਕਿ, ਲਹੂ ਫੁਹਾਰੇ ਵਾਂਗ ਵਗ ਰਿਹਾ ਸੀ, ਜਿੱਥੇ ਮੈਨੂੰ ਬੰਦੂਕ ਨਾਲ ਗੋਲੀ ਲੱਗੀ ਸੀ। ਪਿਆਸ!

167 ਫਿਰ ਮੈਂ ਜਾਣਦਾ ਹਾਂ ਕਿ ਮੇਰੇ ਪ੍ਰਭੂ ਨੇ ਕੀ ਕੀਤਾ ਹੋਵੇਗਾ, ਉਸ ਸਾਰੀ ਸਵੇਰ ਖੂਨ ਵਗਣ ਤੋਂ ਬਾਅਦ, ਨੌਂ ਵਜੇ ਤੋਂ ਲੈ ਕੇ ਸ਼ਾਮ ਦੇ ਤਿੰਨ ਵਜੇ ਤੱਕ, ਉਹ ਸਾਰਾ ਖੂਨ ਗਵਾ ਕੇ। ਮੈਂ ਉਸ ਦਾ ਚੋਲਾ ਵੇਖਦਾ ਹਾਂ, ਪਹਿਲਾਂ, ਇਸ ਉੱਤੇ ਛੋਟੇ ਛੋਟੇ ਧੱਬਿਆਂ ਵਾਂਗ। ਅਤੇ ਉਹ ਸਾਰੇ ਧੱਬੇ ਵੱਡੇ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਆਪਸ ਵਿੱਚ ਮਿਲ ਜਾਂਦੇ ਹਨ, ਇੱਕ ਬਹੁਤ ਵੱਡਾ ਖੂਨੀ ਧੱਬਾ ਬਣਾਉਂਦੇ ਹਨ, ਜਦੋਂ ਉਹ ਘੁੰਮ ਹੋਵੇਗਾ ਤਾਂ ਉਸਨੂੰ ਲੱਤ ਤੇ ਮਾਰਨਾ। ਇਹ ਇਮਾਨੂੰਏਲ ਦਾ ਲਹੂ ਸੀ। ਔਹ, ਧਰਤੀ ਇਸ ਦੇ ਯੋਗ ਨਹੀਂ ਸੀ।

168 ਪਰ ਜਿਉਂ ਹੀ ਉਹ ਉੱਪਰ ਜਾਂਦਾ ਹੈ, ਇਹ *ਮੱਖੀ* ਉਸਦੇ ਦੁਆਲੇ ਡੰਗ ਮਾਰਦੀ ਹੈ। ਇਸ ਨੇ ਕੀ ਕੀਤਾ? ਇਸ ਨੇ ਅੰਤ ਵਿੱਚ ਉਸਨੂੰ ਡੰਗ ਮਾਰਿਆ।

ਪਰ, ਭਾਈ, ਕੋਈ ਜਾਣਦਾ ਹੈ, ਕਿ ਕੀੜੇ ਜਾਂ ਮੱਖੀ, ਜੇਕਰ ਇਹ ਤੁਹਾਨੂੰ ਇੱਕ ਵਾਰ ਡੰਗ ਦੇਵੇ, ਤਾਂ ਇਸ ਤੋਂ ਬਾਅਦ ਉਹ ਦੇ ਡੰਗਣ ਦਾ ਕਾਰੋਬਾਰ ਖਤਮ ਹੋ ਜਾਂਦਾ ਹੈ। ਇਹ ਦੁਬਾਰਾ ਡੰਗ ਨਹੀਂ ਸਕਦੀ। ਕਿਉਂਕਿ, ਜਦੋਂ ਇਹ ਜਾਣ ਲੱਗਦੀ ਹੈ, ਤਾਂ ਇਹ ਆਪਣਾ ਡੰਗ ਤੋੜ ਲੈਂਦੀ ਹੈ।

ਇਹੀ ਕਾਰਨ ਹੈ ਕਿ ਪਰਮੇਸ਼ੁਰ ਨੂੰ ਦੇਹਧਾਰੀ ਹੋਣਾ ਪਿਆ। ਉਸਨੇ ਮੌਤ ਦੇ ਡੰਗ ਨੂੰ ਆਪਣੇ ਸਰੀਰ ਵਿੱਚ ਲਿਆ, ਅਤੇ ਉਸਨੇ ਮੌਤ ਦੇ ਡੰਗ ਨੂੰ ਬਾਹਰ ਕੱਢ ਲਿਆ। ਪ੍ਰਭੂ ਦਾ ਨਾਮ ਮੁਬਾਰਕ ਹੋਵੇ! ਮੌਤ ਗੂੰਜ ਸਕਦੀ ਹੈ ਅਤੇ ਡੰਗ ਮਾਰ ਸਕਦੀ ਹੈ, ਪਰ ਇਹ ਤੁਹਾਨੂੰ ਨੁਕਸਾਨ ਨਹੀਂ ਪਹੁੰਚਾ ਸਕਦੀ।

169 ਪੌਲੁਸ, ਜਦੋਂ ਉਸ ਨੇ ਮਹਿਸੂਸ ਕੀਤਾ ਕਿ *ਮੱਖੀ* ਉਸ ਦੇ ਆਲੇ-ਦੁਆਲੇ ਗੂੰਜ ਰਹੀ ਹੈ, ਤਾਂ ਮੌਤ ਉਸੇ ਵੇਲੇ ਆ ਰਹੀ ਸੀ। ਉਸ ਨੇ ਕਿਹਾ, "ਹੇ ਮੌਤ, ਤੇਰਾ ਡੰਗ ਕਿੱਥੇ ਹੈ?" ਉਹ ਕਲਵਰੀ ਵੱਲ ਇਸ਼ਾਰਾ ਕਰ ਸਕਦਾ ਸੀ ਜਿੱਥੇ ਇਹ ਇਮਾਨੂੰਏਲ ਦੀ ਦੇਹ ਵਿੱਚ ਰਹਿ ਗਈ ਸੀ। "ਤੇਰੀ ਫਤਿਹ ਕਿੱਥੇ ਹੈ? ਪਰ ਪਰਮੇਸ਼ੁਰ ਦਾ ਧੰਨਵਾਦ ਹੈ ਜੋ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਸਾਨੂੰ ਜਿੱਤ ਬਖਸ਼ਦਾ ਹੈ।" ਹਾਂ।

170 ਅਸੀਂ ਸਾਰੀਆਂ ਚੀਜ਼ਾਂ ਨਹੀਂ ਦੇਖਦੇ।

> *ਪਰ ਅਸੀਂ ਯਿਸੂ ਨੂੰ ਵੇਖਦੇ ਹਾਂ, ਉਹ ਨੂੰ ਜਿਹੜਾ ਮੌਤ ਦਾ ਦੁਖ ਝੱਲਣ ਦੇ ਕਾਰਨ...ਦੂਤਾਂ ਨਾਲੋਂ ਥੋੜੇ ਚਿਰ ਲਈ ਘੱਟ ਕੀਤਾ ਗਿਆ ਹੈ,...*
>
> *ਕਿਉਂ ਜੋ, ਜਿਹ ਦੇ ਲਈ ਸੱਭੋ—ਸੱਭੋ ਕੁਝ ਹੈ, ਅਤੇ ਜਿਹ ਦੇ ਰਾਹੀਂ ਸੱਭੋ ਕੁਝ ਹੋਇਆ, ਉਹ ਨੂੰ ਜੋਗ ਸੀ...ਭਈ ਬਹੁਤਿਆਂ ਪੁੱਤ੍ਰਾਂ...ਨੂੰ ਤੇਜ ਵਿੱਚ ਲਿਆਉਂਦਿਆਂ ਉਨ੍ਹਾਂ ਦੇ ਮੁਕਤੀ ਦੇਣ ਵਾਲੇ...ਆਗੂ ਨੂੰ ਦੁੱਖਾਂ ਦੇ ਦੁਆਰਾ ਸੰਪੂਰਨ ਕਰੇ।*

ਇੱਕੋ ਹੀ ਤਰੀਕੇ ਨਾਲ ਉਹ ਸਾਡੀ ਮੁਕਤੀ ਦਾ ਕਪਤਾਨ ਬਣ ਸਕਦਾ ਸੀ, ਉਸ ਨੂੰ ਦੁੱਖ ਝੱਲਣਾ ਪੈਣਾ ਸੀ।

171 ਹੁਣ ਇੱਥੇ ਇਹਨਾਂ ਸੁੰਦਰ ਸ਼ਬਦਾਂ ਨੂੰ ਸੁਣੋ। ਹੁਣ ਸੁਣੋ।

> *ਉਂਕਿ ਉਹ ਜਿਹੜਾ ਪਵਿੱਤਰ ਕਰਦਾ ਹੈ ਅਤੇ ਓਹ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ ਸੱਭੇ...ਇੱਕ ਤੋਂ ਹੀ ਹਨ:...*

ਔਹ, ਕੀ ਤੁਸੀਂ ਉੱਥੇ ਵੇਲ ਅਤੇ ਟਾਹਣੀ ਨਹੀਂ ਦੇਖਦੇ? ਸਾਰੇ ਇੱਕ ਹਨ।

> *...ਇਸ ਕਰਕੇ ਉਹ ਉਨ੍ਹਾਂ ਨੂੰ ਭਰਾ ਆਖਣ ਤੋਂ ਨਹੀਂ ਸ਼ਰਮਾਉਂਦਾ,*

ਸਮਝੇ? ਕਿਉਂ? ਸੁਣੋ, ਅਗਲੀ ਆਇਤ।

*ਏਹ ਕਹਿੰਦਾ ਹੈ, ਮੈਂ ਆਪਣਿਆਂ ਭਾਈਆਂ ਨੂੰ ਤੇਰਾ ਨਾਮ ਸੁਣਾਵਾਂਗਾ, ਮੈਂ ਕਲੀਸਿਯਾ ਵਿੱਚ ਤੇਰੀ ਉਸਤਤ ਕਰਾਂਗਾ।*

*ਅਤੇ ਫੇਰ ਏਹ, ਮੈਂ ਉਸ ਉੱਤੇ ਭਰੋਸਾ ਰੱਖਾਂਗਾ। ਅਤੇ ਫੇਰ, ਮੈਂ ਅਤੇ ਓਹ ਬੱਚੇ ਜਿਹੜੇ ਪਰਮੇਸ਼ੁਰ ਨੇ ਮੈਨੂੰ ਬਖਸ਼ੇ।*

*ਸੋ ਜਦ ਬਾਲਕ ਲਹੂ ਅਤੇ ਮਾਸ ਵਿੱਚ ਸਾਂਝੀ ਹੁੰਦੇ ਹਨ, ਤਾਂ ਉਨ੍ਹਾਂ ਵਾਂਙੁ ਉਹ ਆਪ ਵੀ ਇਨ੍ਹਾਂ ਹੀ ਵਿੱਚ ਭਿਆਲ ਬਣਿਆ; ਤਾਂ ਜੋ ਮੌਤ ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿੱਚ ਮੌਤ ਹੈ, ਅਰਥਾਤ, ਸ਼ਤਾਨ ਨੂੰ ਨਾਸ ਕਰੇ;*

*ਅਤੇ ਉਨ੍ਹਾਂ ਨੂੰ ਜਿਹੜੇ...ਤੋਂ...ਵਿੱਚ...ਮੌਤ ਦੇ ਡਰ...ਤੋਂ ਸਾਰੀ ਉਮਰ ਗੁਲਾਮੀ ਵਿੱਚ ਫਸੇ ਹੋਏ ਸਨ ਛੁਡਾਵੇ।*

172 ਮਨੁੱਖ ਹਮੇਸ਼ਾ ਮੌਤ ਤੋਂ ਡਰਦਾ ਸੀ। ਮਸੀਹ ਪਾਪ ਬਣ ਗਿਆ, ਨੀਵਾਂ ਬਣਿਆ, ਆਪਣੇ ਆਪ ਤੇ ਮੌਤ ਲੈਣ ਲਈ। ਅਤੇ ਉਹ ਸਾਡਾ "ਭਰਾ" ਅਖਵਾਉਣ ਲਈ ਸ਼ਰਮਿੰਦਾ ਨਹੀਂ ਹੈ, ਕਿਉਂਕਿ ਉਹ ਉਸੇ ਤਰ੍ਹਾਂ ਪਰਤਾਇਆ ਗਿਆ ਸੀ ਜਿਵੇਂ ਅਸੀਂ ਪਰਤਾਏ ਜਾਂਦੇ ਹਾਂ। ਅਤੇ ਉਹ ਕਰ ਸਕਦਾ ਹੈ...ਸਹੀ ਕਿਸਮ ਦਾ ਵਿਚੋਲਾ ਬਣ ਸਕਦਾ ਹੈ, ਕਿਉਂਕਿ ਉਹ ਉਸੇ ਤਰ੍ਹਾਂ ਦੇ ਪਰਤਾਵੇ ਵਿੱਚ ਖੜ੍ਹਾ ਸੀ ਜਿਸ ਤਰ੍ਹਾਂ ਤੁਸੀਂ ਖੜ੍ਹੇ ਹੋ। ਅਤੇ ਉਸਨੇ ਤੁਹਾਡੀ ਜਗ੍ਹਾ ਲੈ ਲਈ, ਇਹ ਜਾਣਦੇ ਹੋਏ ਕਿ ਤੁਸੀਂ ਇਸਨੂੰ ਆਪਣੇ ਆਪ ਨਹੀਂ ਲੈ ਸਕਦੇ।

173 ਤਾਂ, ਕੀ ਤੁਸੀਂ ਨਹੀਂ ਦੇਖਦੇ, ਭਾਈ, ਭੈਣ? ਸਾਰੀ ਗੱਲ ਕਿਰਪਾ ਹੈ। ਇਹ ਸਭ ਕਿਰਪਾ ਹੈ। ਇਹ ਉਹ ਨਹੀਂ ਹੈ ਜੋ ਤੁਸੀਂ ਕਰਦੇ ਹੋ, ਭਾਵੇਂ ਕੁਝ ਵੀ ਹੋਵੇ। ਇਹ ਉਹ ਹੈ ਜੋ ਉਸਨੇ ਤੁਹਾਡੇ ਲਈ ਪਹਿਲਾਂ ਹੀ ਕੀਤਾ ਹੈ। ਹੁਣ, ਤੁਸੀਂ ਆਪਣੀ ਮੁਕਤੀ ਲਈ ਇੱਕ ਕੰਮ ਨਹੀਂ ਕਰ ਸਕਦੇ। ਤੁਹਾਡੀ ਮੁਕਤੀ ਇੱਕ ਦਾਨ ਹੈ। ਮਸੀਹ ਪਾਪ ਬਣ ਗਿਆ, ਤਾਂ ਜੋ ਤੁਸੀਂ ਧਰਮੀ ਬਣ ਸਕੋ। ਅਤੇ ਉਹ ਸਾਡੀ ਮੁਕਤੀ ਲਈ ਇੱਕ ਸਹੀ ਕਿਸਮ ਦਾ ਮੁੱਖ ਕਪਤਾਨ ਹੈ, ਕਿਉਂਕਿ ਉਸਨੇ ਉਸੇ ਤਰ੍ਹਾਂ ਦੁੱਖ ਝੱਲਿਆ ਜਿਵੇਂ ਅਸੀਂ ਦੁੱਖ ਝੱਲਦੇ ਹਾਂ। ਉਹ ਉਸੇ ਤਰ੍ਹਾਂ ਪਰਤਾਇਆ ਗਿਆ ਸੀ ਜਿਵੇਂ ਅਸੀਂ ਪਰਤਾਏ ਹੋਏ ਹਾਂ। ਅਤੇ ਉਹ "ਸਾਡਾ ਭਰਾ" ਬੁਲਾਏ ਜਾਣ ਵਿੱਚ ਸ਼ਰਮਿੰਦਾ ਨਹੀਂ ਹੈ, ਕਿਉਂਕਿ ਉਹ ਜਾਣਦਾ ਹੈ ਕਿ ਅਸੀਂ ਕਿਸ ਚੀਜ ਵਿੱਚੋਂ ਲੰਘਦੇ ਹਾਂ। ਔਹ, ਉਸਦਾ ਨਾਮ ਮੁਬਾਰਕ ਹੋਵੇ!

*ਕਿਉਂ ਜੋ ਉਹ ਦੂਤਾਂ ਦੀ ਤਾਂ ਸਹਾਇਤਾ ਨਹੀਂ; ਸਗੋਂ ਅਬਰਾਹਾਮ ਦੀ ਅੰਸ ਦੀ ਸਹਾਇਤਾ ਕਰਦਾ ਹੈ।*

174 ਔਹ, ਮੇਰੇ! ਉਹ ਦੂਤ ਨਹੀਂ ਬਣਿਆ। ਉਹ ਅਬਰਾਹਾਮ ਦਾ ਅੰਸ ਬਣ ਗਿਆ। "ਅਤੇ ਅਸੀਂ, ਮਸੀਹ ਵਿੱਚ ਮਰੇ ਹੋਏ ਹੋਣ ਕਰਕੇ, ਅਬਰਾਹਾਮ ਦੀ

ਅੰਸ ਨਾਲ, ਅਤੇ ਵਾਅਦੇ ਦੇ ਅਨੁਸਾਰ ਵਾਰਸ ਹਾਂ।" ਸਮਝੇ? ਉਸਨੇ ਕਦੇ ਦੂਤ ਦਾ ਰੂਪ ਨਹੀਂ ਧਾਰਿਆ। ਉਹ ਕਦੇ ਦੂਤ ਨਹੀਂ ਬਣਿਆ। ਉਹ ਮਨੁੱਖ ਬਣ ਗਿਆ। ਉਹ ਅਬਰਾਹਾਮ ਦੀ ਸੰਤਾਨ ਬਣ ਗਿਆ, ਅਤੇ ਸਾਡਾ ਪਰਮੇਸ਼ੁਰ ਨਾਲ ਮੇਲ ਕਰਾਉਣ ਲਈ, ਆਪਣੀ ਦੇਹ ਵਿੱਚ ਮੌਤ ਦਾ ਡੰਗ ਲਿਆ, ਅਤੇ ਹੁਣ ਉੱਥੇ ਇੱਕ ਵਿਚੋਲੇ ਵਾਂਗ ਬੈਠਾ ਹੋਇਆ ਹੈ। ਮੇਰੇ, ਅਸੀਂ ਇਸਨੂੰ ਕਿਵੇਂ ਰੱਦ ਕਰ ਸਕਦੇ ਹਾਂ, ਦੋਸਤ?

175 ਸੁਣੋ।

> *ਇਸ ਕਾਰਨ ਚਾਹੀਦਾ ਸੀ ਭਈ ਉਹ ਸਭਨੀਂ ਗੱਲੀਂ ਆਪਣੇ ਭਾਈਆਂ ਵਰਗਾ ਬਣੇ, ਤਾਂ ਜੋ ਉਹ ਉਨ੍ਹਾਂ ਗੱਲਾਂ ਦੇ ਵਿਖੇ ਜਿਹੜੀਆਂ ਪਰਮੇਸ਼ੁਰ ਨਾਲ ਸਰਬੰਧ ਰੱਖਦੀਆਂ ਹਨ, ਲੋਕਾਂ ਦੇ ਪਾਪਾਂ ਦਾ... ਪਰਾਸਚਿਤ ਕਰਨ ਨੂੰ ਦਿਆਲੂ ਅਤੇ ਮਾਤਬਰ ਪਰਧਾਨ ਜਾਜਕ ਹੋਵੇ।*

176 ਤਾਂ ਜੋ ਉਹ ਮਿਲਾਪ ਕਰਨ ਵਾਲਾ ਬਣ ਸਕੇ! ਵੇਖੋ, ਪਰਮੇਸ਼ੁਰ ਅਤੇ ਮਨੁੱਖ ਵਿੱਚ ਦੁਸ਼ਮਣੀ ਸੀ। ਅਤੇ ਕੋਈ ਆਦਮੀ...

ਉਨ੍ਹਾਂ ਨੇ ਦੂਤਾਂ, ਨਬੀਆਂ ਨੂੰ ਭੇਜਿਆ। ਉਹ ਤੁਹਾਡੀ ਜਗ੍ਹਾ ਨਹੀਂ ਲੈ ਸਕਦੇ ਸਨ, ਕਿਉਂਕਿ ਉਨ੍ਹਾਂ ਨੂੰ ਆਪਣੇ ਲਈ ਪ੍ਰਾਰਥਨਾ ਕਰਨੀ ਪੈਂਦੀ ਸੀ। ਉਹ ਜਗ੍ਹਾ ਨਹੀਂ ਲੈ ਸਕੇ।

177 ਫਿਰ, ਉਸਨੇ ਸ਼ਰਾ ਨੂੰ ਭੇਜਿਆ। ਸ਼ਰਾ ਇੱਕ ਪੁਲਿਸ ਵਾਲਾ ਸੀ ਜਿਸਨੇ ਸਾਨੂੰ ਜੇਲ੍ਹ ਵਿੱਚ ਡੱਕ ਦਿੱਤਾ। ਇਹ ਸਾਨੂੰ ਬਾਹਰ ਨਹੀਂ ਲਿਆ ਸਕਿਆ। ਉਸ ਨੇ ਸ਼ਰਾ ਨੂੰ ਭੇਜਿਆ।

ਉਸ ਨੇ ਨਬੀਆਂ ਨੂੰ ਭੇਜਿਆ, ਉਸ ਨੇ ਧਰਮੀਆਂ ਨੂੰ ਭੇਜਿਆ, ਅਤੇ ਸਭ ਕੁਝ, ਉਹ ਪ੍ਰਾਸਚਿਤ ਨਹੀਂ ਕਰ ਸਕਦੇ ਸਨ। ਪਰ ਉਹ ਹੇਠਾਂ ਆਉਂਦਾ ਹੈ ਅਤੇ ਸਾਡੇ ਵਿੱਚੋਂ ਇੱਕ ਬਣ ਜਾਂਦਾ ਹੈ। ਔਹ, ਮੇਰੇ!

178 ਮੇਰੀ ਇੱਛਾ ਹੈ ਕਿ ਸਾਡੇ ਕੋਲ ਇਸ ਸਮੇਂ ਹੋਰ ਸਮਾਂ ਹੁੰਦਾ, ਮੈਂ ਤੁਹਾਨੂੰ ਮੁਕਤੀ ਦੀ ਉਸ ਸ਼ਰਾ ਵੱਲ ਲੈ ਜਾਣਾ ਚਾਹੁੰਦਾ ਹਾਂ; ਪਰ ਸਾਡੇ ਕੋਲ ਨਹੀਂ ਹੈ, ਪਰ ਇੱਕ ਪਲ ਲਈ। ਖ਼ੂਬਸੂਰਤ ਤਸਵੀਰ ਰੂਥ ਅਤੇ ਨਾਓਮੀ ਵਿੱਚ ਹੈ। ਜੇ ਤੁਸੀਂ ਉੱਥੇ ਦੇਖੋਗੇ, ਮੇਲ ਮਿਲਾਪ, ਕਿਵੇਂ ਉਹ ਕਿਸਾਨ, ਉਹ ਵਿਅਕਤੀ ਜਿਸਨੇ ਗੁਆਚੀ ਹੋਈ ਅਤੇ ਡਿੱਗੀ ਜਾਇਦਾਦ ਨੂੰ ਛੁਡਾਉਣਾ ਹੁੰਦਾ ਸੀ, ਉਸਨੂੰ ਉਸ ਵਿਅਕਤੀ ਦਾ ਰਿਸ਼ਤੇਦਾਰ ਹੋਣਾ ਹੁੰਦਾ ਸੀ ਜਿਸਨੇ ਜਾਇਦਾਦ ਗੁਆ ਦਿੱਤੀ ਹੁੰਦੀ ਸੀ। ਇਹੀ ਕਾਰਨ ਹੈ ਕਿ ਬੋਅਜ਼ ਨੂੰ ਇੱਕ...ਨਾਓਮੀ ਦਾ ਰਿਸ਼ਤੇਦਾਰ ਸੀ, ਤਾਂ ਜੋ ਉਹ ਰੂਥ ਨੂੰ ਪ੍ਰਾਪਤ ਕਰ ਸਕੇ। ਅਤੇ ਫਿਰ, ਉਸ ਨੂੰ ਯੋਗ ਹੋਣਾ

ਚਾਹੀਦਾ ਸੀ। ਉਸ ਨੂੰ ਇਹ ਕਰਨ ਦੇ ਯੋਗ ਹੋਣਾ ਚਾਹੀਦਾ ਸੀ, ਗੁਆਚੇ ਨੂੰ ਛੁਡਾਉਣ ਲਈ। ਅਤੇ ਬੋਅਜ਼ ਨੇ, ਦਰਵਾਜ਼ੇ ਤੇ, ਆਪਣੀ ਜੁੱਤੀ ਨੂੰ ਲੱਤ ਮਾਰ ਕੇ, ਇੱਕ ਜਨਤਕ ਗਵਾਹੀ ਦਿੱਤੀ, ਕਿ ਉਸਨੇ ਨਾਓਮੀ ਅਤੇ ਉਸਦੀ ਸਾਰੀ ਜਾਇਦਾਦ ਨੂੰ ਛੁਡਾ ਲਿਆ ਸੀ। ਅਤੇ ਉਸਨੂੰ ਰਿਸ਼ਤੇਦਾਰ ਹੋਣਾ ਚਾਹੀਦਾ ਸੀ।

179 ਅਤੇ ਇਹੀ ਕਾਰਨ ਹੈ ਕਿ ਮਸੀਹ, ਪਰਮੇਸ਼ੁਰ, ਨੂੰ ਸਾਡਾ ਰਿਸ਼ਤੇਦਾਰ ਬਣਨਾ ਪਿਆ। ਅਤੇ ਉਹ ਹੇਠਾਂ ਆਇਆ ਅਤੇ ਇੱਕ ਮਨੁੱਖ ਸੀ। ਅਤੇ ਉਸ ਨੇ ਪਰਤਾਵੇ ਦਾ ਸਾਮ੍ਹਣਾ ਕੀਤਾ। ਅਤੇ ਉਸ ਤੇ ਹੱਸਿਆ ਗਿਆ, ਮਜ਼ਾਕ ਉਡਾਇਆ ਗਿਆ, ਸਤਾਇਆ ਗਿਆ, ਅਤੇ ਨਜਰਅੰਦਾਜ ਕੀਤਾ ਗਿਆ, ਅਤੇ "ਬਾਅਲਜਬੂਬ" ਬੁਲਾਇਆ ਗਿਆ, ਅਤੇ—ਅਤੇ ਤੁੱਛ ਜਾਣਿਆ ਗਿਆ, ਅਤੇ ਫਾਂਸੀ ਦੀ ਸਜ਼ਾ ਅਧੀਨ ਮੌਤ ਦਾ ਸਾਹਮਣਾ ਕੀਤਾ। ਦੇਖੋ? ਉਸ ਨੂੰ ਸਾਡਾ ਰਿਸ਼ਤੇਦਾਰ ਬਣਨਾ ਪਿਆ। ਉਸਤੇ ਝੂਠਾ ਇਲਜ਼ਾਮ ਲਗਾਉਣਾ ਪਿਆ, ਕਿਉਂਕਿ ਤੁਹਾਡੇ ਉੱਤੇ ਝੂਠਾ ਇਲਜ਼ਾਮ ਲਗਾਇਆ ਗਿਆ ਹੈ। ਉਸਨੂੰ ਬਿਮਾਰੀ ਝੱਲਣੀ ਪਈ, ਕਿਉਂਕਿ ਤੁਸੀਂ ਬਿਮਾਰ ਹੋ। ਉਸ ਨੂੰ ਪਾਪ ਝੱਲਣੇ ਪਏ, ਕਿਉਂਕਿ ਇਹ ਤੁਹਾਡੇ ਪਾਪ ਸਨ। ਅਤੇ ਉਸਨੂੰ ਰਿਸ਼ਤੇਦਾਰ ਬਣਨਾ ਪਿਆ। ਉਸ ਕੋਲ ਸਾਨੂੰ ਛੁਡਾਉਣ ਦਾ ਇੱਕੋ ਇੱਕ ਤਰੀਕਾ ਸੀ ਉਹ ਸੀ ਸਾਡਾ ਰਿਸ਼ਤੇਦਾਰ ਬਣਨਾ। ਅਤੇ ਉਹ ਕਿਵੇਂ ਰਿਸ਼ਤੇਦਾਰ ਬਣਿਆ, ਪਾਪੀ ਸਰੀਰ ਦਾ ਰੂਪ ਧਾਰਨ ਕਰਕੇ ਅਤੇ ਸਾਡੇ ਵਿੱਚੋਂ ਇੱਕ ਬਣ ਕੇ। ਅਤੇ ਉਸ ਵਿੱਚ, ਉਸਨੇ ਕੀਮਤ ਅਦਾ ਕੀਤੀ ਅਤੇ ਸਾਨੂੰ ਛੁਡਾ ਕੇ ਪਿਤਾ ਦੀ ਸੰਗਤ ਵਿੱਚ ਵਾਪਸ ਲੈ ਆਇਆ। ਔਹ, ਕਿਹੋ ਜਿਹਾ ਮੁਕਤੀਦਾਤਾ! ਸ਼ਬਦ ਇਸ ਨੂੰ ਬਿਆਨ ਨਹੀਂ ਕਰ ਸਕੇ।

> *ਉਂਕਿ ਜਦੋਂ ਉਸ ਨੇ ਆਪ ਹੀ ਪਰਤਾਵੇ ਵਿੱਚ ਪੈ ਕੇ ਦੁਖ ਝੱਲਿਆ,...ਤਾਂ ਉਹ ਓਹਨਾਂ ਦੀ ਜਿਹੜੇ ਪਰਤਾਵੇ ਵਿੱਚ ਪੈਂਦੇ ਹਨ ਸਹਾਇਤਾ ਕਰ ਸੱਕਦਾ ਹੈ।*

180 ਸਹਾਇਤਾ ਦਾ ਮਤਲਬ ਹੈ "ਹਮਦਰਦੀ।" ਇਹੀ ਕਾਰਨ ਹੈ ਕਿ ਉਹ *ਇਹ* ਬਣ ਗਿਆ ਹੈ, ਤਾਂ ਜੋ ਉਹ ਤੁਹਾਡੇ ਨਾਲ ਹਮਦਰਦੀ ਕਰੇ...ਤੁਹਾਡੇ ਕੋਲ *ਉਤਰਾਅ* ਅਤੇ *ਚੜ੍ਹਾਅ* ਆਂਦੇ ਹਨ, ਅਤੇ ਤੁਹਾਡੀਆਂ *ਛੋਟੀਆਂ-ਛੋਟੀਆਂ* ਗੱਲਾਂ, ਅਤੇ ਤੁਹਾਡੇ ਪਰਤਾਵੇ ਇੰਨੇ ਵੱਡੇ ਹੋ ਜਾਂਦੇ ਹਨ ਕਿ ਤੁਸੀਂ ਮੁਸ਼ਕਿਲ ਨਾਲ ਇਸਦਾ ਸਾਹਮਣਾ ਨਹੀਂ ਕਰ ਸਕਦੇ ਹੋ। ਉਹ ਤੁਹਾਡੇ ਨਾਲ ਹਮਦਰਦੀ ਕਰਨਾ ਜਾਣਦਾ ਹੈ। ਉਹ ਉੱਥੇ ਬੈਠ ਜਾਂਦਾ ਹੈ, ਵਿਚੋਲਗੀ ਕਰਨ ਲਈ। ਉਹ ਤੁਹਾਨੂੰ ਪਿਆਰ ਕਰਨ ਲਈ, ਉੱਥੇ ਬੈਠਾ ਹੋਇਆ ਹੈ। ਅਤੇ ਭਾਵੇਂ ਤੁਸੀਂ ਕੁਰਾਹੇ ਪੈ ਜਾਓ, ਉਹ ਤੁਹਾਨੂੰ ਨਹੀਂ ਤਿਆਗੇਗਾ। ਉਹ ਫਿਰ ਵੀ ਤੁਹਾਡੇ ਮਗਰ ਆਵੇਗਾ

ਅਤੇ ਤੁਹਾਡੇ ਦਿਲ ਤੇ ਦਸਤਕ ਦੇਵੇਗਾ। ਇਮਾਰਤ ਵਿਚ ਕੋਈ ਪਿਛਾਂਹ ਹਟਿਆ ਨਹੀਂ ਹੋਵੇਗਾ ਜੋ ਇਹ ਨਹੀਂ ਜਾਣਦਾ ਕਿ ਪਰਮੇਸ਼ੁਰ ਹਰ ਰੋਜ਼ ਉਸ ਦੇ ਦਿਲ ਤੇ ਦਸਤਕ ਦਿੰਦਾ ਹੈ। ਅਤੇ ਉਹ ਇਹ ਉਦੋਂ ਤੱਕ ਕਰੇਗਾ ਜਦੋਂ ਤੱਕ ਤੁਸੀਂ ਇਸ ਧਰਤੀ ਤੇ ਇੱਕ ਪ੍ਰਾਣੀ ਹੋ, ਕਿਉਂਕਿ ਉਹ ਤੁਹਾਨੂੰ ਪਿਆਰ ਕਰਦਾ ਹੈ। ਉਸਨੇ ਤੁਹਾਨੂੰ ਛੁਡਾਇਆ।

181 ਕਵੀਆਂ ਨੇ ਕੋਸ਼ਿਸ਼ ਕੀਤੀ ਹੈ, ਲੇਖਕ ਕੋਸ਼ਿਸ਼ ਕਰ ਰਹੇ ਹਨ, ਮਨੁੱਖ ਉਸ "ਪ੍ਰੇਮ" ਦੇ ਵਿਸ਼ੇ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਅਤੇ ਇਹ ਮਨੁੱਖੀ ਸਮੀਕਰਨ ਵਿੱਚ ਨਹੀਂ ਪਾਇਆ ਜਾ ਸਕਦਾ ਹੈ। ਇੱਕ ਨੇ ਕਿਹਾ:

> ਔਹ, ਪਰਮੇਸ਼ੁਰ ਦਾ ਪਿਆਰ, ਕਿੰਨਾ ਭਰਪੂਰ ਅਤੇ ਸ਼ੁੱਧ!
> ਕਿੰਨਾ ਅਥਾਹ ਅਤੇ ਮਜ਼ਬੂਤ!
> ਇਹ ਸਦਾ ਲਈ ਕਾਇਮ ਰਹੇਗਾ,
> ਸੰਤਾਂ ਅਤੇ ਦੂਤਾਂ ਦਾ ਗੀਤ।
>
> ਜੇ ਅਸੀਂ ਸਿਆਹੀ ਨਾਲ ਸਮੁੰਦਰ ਭਰ ਦੇਈਏ,
> ਅਤੇ ਅਸਮਾਨ ਦਾ ਕਾਗਜ ਬਣਾ ਲਿਆ ਜਾਵੇ;
> ਧਰਤੀ ਉੱਤੇ ਹਰ ਡੰਡੀ ਇੱਕ ਕਲਮ,
> ਅਤੇ ਹਰ ਇੱਕ ਵਿਅਕਤੀ ਪੇਸ਼ੇ ਤੋਂ ਇੱਕ ਲਿਖਾਰੀ ਬਣ ਜਾਵੇ;
> ਪਰਮੇਸ਼ੁਰ ਦੇ ਪ੍ਰੇਮ ਨੂੰ ਲਿਖਣ ਲਈ
> ਸਮੁੰਦਰ ਸੁੱਕ ਜਾਵੇਗਾ;
> ਜਾਂ ਭਾਵੇਂ ਕਾਗਜ ਪੂਰਾ ਭਰ ਦਿੱਤਾ ਜਾਵੇ,
> ਭਾਵੇਂ ਅਸਮਾਨ ਤੋਂ ਅਸਮਾਨ ਤੱਕ ਫੈਲਿਆ ਹੋਇਆ ਹੋਵੇ।

182 ਤੁਸੀਂ ਕਦੇ ਨਹੀਂ ਸਮਝ ਸਕੋਗੇ। ਸਾਡੇ ਲਈ ਇਹ ਸਮਝਣ ਦਾ ਕੋਈ ਤਰੀਕਾ ਨਹੀਂ ਹੈ ਕਿ ਉਹ ਮਹਾਨ ਕੁਰਬਾਨੀ, ਜੋ ਉਸਨੇ ਦਿੱਤੀ, ਹੇਠਾਂ ਆਇਆ ਅਤੇ ਸਾਨੂੰ ਪਰਮੇਸ਼ੁਰ ਨਾਲ ਵਾਪਸ ਮਿਲਾਇਆ। ਤਦ ਉਹ ਵਾਪਸ ਚਲਾ ਗਿਆ ਅਤੇ ਕਿਹਾ, "ਹੁਣ, ਮੈਂ ਤੁਹਾਨੂੰ ਅਨਾਥ ਨਹੀਂ ਛੱਡਾਂਗਾ। ਮੈਂ ਦੁਬਾਰਾ ਆਵਾਂਗਾ ਅਤੇ ਤੁਹਾਡੇ ਨਾਲ ਹੋਵਾਂਗਾ, ਇੱਥੋਂ ਤੱਕ ਕਿ ਤੁਹਾਡੇ ਵਿੱਚ, ਸੰਸਾਰ ਦੇ ਅੰਤ ਤੱਕ।"

183 ਅਤੇ ਇੱਥੇ ਅਸੀਂ ਅੱਜ ਹਾਂ, ਅੰਤ ਦੇ ਸਮੇਂ ਵਿੱਚ ਜੀ ਰਹੇ ਹਾਂ, ਉਸੇ ਯਿਸੂ ਦੇ ਨਾਲ, ਉਹੀ ਚੀਜ਼ਾਂ, ਉਹੀ ਨਿਸ਼ਾਨ, ਉਹੀ ਅਚੰਭੇ, ਉਹੀ ਮੁਕਤੀ, ਉਹੀ ਆਤਮਾ ਉਹੀ ਕੰਮ ਕਰ ਰਹੀ ਹੈ, ਉਹੀ ਇੰਜੀਲ, ਉਹੀ ਬਚਨ, ਉਹੀ ਦ੍ਰਿਸ਼ਟਾਂਤ, ਉਹੀ

ਪ੍ਰਗਟਾਵੇ, ਸਭ ਕੁਝ। ਸਾਨੂੰ ਇਸ ਮਹਾਨ ਮੁਕਤੀ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਹੈ, ਕਿਉਂਕਿ ਸਾਨੂੰ ਇੱਕ ਦਿਨ ਲੇਖਾ ਦੇਣਾ ਪਵੇਗਾ, ਉਸ ਬਾਰੇ ਕਿ ਅਸੀਂ ਪਰਮੇਸ਼ੁਰ ਦੇ ਪੁੱਤਰ ਨਾਲ ਕੀ ਕਰਦੇ ਹਾਂ।

184 ਪਾਪੀ, ਪਿਛਾਂਹ ਹਟੇ ਹੋਏ, ਉਹ ਅੱਜ ਰਾਤ ਤੁਹਾਡੇ ਕੋਲ ਹੈ। ਤੁਸੀਂ ਉਸ ਨਾਲ ਕੀ ਕਰਨ ਜਾ ਰਹੇ ਹੋ? ਤੁਸੀ ਕਹੋਗੇ, "ਖੈਰ, ਮੈਂ ਇਸਨੂੰ ਬੰਦ ਕਰ ਦਿਆਂਗਾ।" ਪਰ, ਯਾਦ ਰੱਖੋ, ਤੁਸੀਂ ਅਜਿਹਾ ਨਾ ਕਰੋ। ਇੱਥੇ ਕੋਈ ਤਰੀਕਾ ਨਹੀਂ ਹੈ, ਬਿਲਕੁੱਲ, ਜੇ ਤੁਸੀਂ ਇੱਕ ਪਾਪੀ ਹੋ, ਤਾਂ ਤੁਸੀਂ ਜਦ ਇਸ ਇਮਾਰਤ ਨੂੰ ਛੱਡੋਗੇ ਤਾਂ ਉਸੇ ਹੀ ਤਰ੍ਹਾਂ ਰਹਿ ਸਕਦੇ ਹੋ। ਤੁਸੀਂ ਇਹ ਨਹੀਂ ਕਰ ਸਕਦੇ।

185 ਪਿਲਾਤੁਸ ਨੇ, ਇੱਕ ਰਾਤ, ਇਸ ਨੂੰ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਪਾਣੀ ਮੰਗਇਆ ਅਤੇ ਆਪਣੇ ਹੱਥ ਧੋ ਲਏ। ਕਿਹਾ, "ਮੇਰਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਮੈਂ ਬੱਸ ਇਸ ਤਰ੍ਹਾਂ ਹਾਂ ਜਿਵੇਂ ਮੈਂ ਇਸਨੂੰ ਕਦੇ ਨਹੀਂ ਦੇਖਿਆ। ਮੈਂ ਕਦੇ ਇੰਜੀਲ ਨਹੀਂ ਸੁਣੀ। ਮੈਂ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਚਾਹੁੰਦਾ।" ਕੀ ਉਹ ਇਸਨੂੰ ਆਪਣੇ ਹੱਥਾਂ ਤੋਂ ਧੋ ਸਕਦਾ ਹੈ? ਉਹ ਨਹੀਂ ਕਰ ਸਕਦਾ ਸੀ।

186 ਅੰਤ ਵਿੱਚ, ਤੁਸੀਂ ਜਾਣਦੇ ਹੋ ਕਿ ਪਿਲਾਤੁਸ ਨਾਲ ਕੀ ਹੋਇਆ ਸੀ? ਉਸ ਪਾਗਲ ਹੋ ਗਿਆ। ਅਤੇ ਸਵਿਟਜ਼ਰਲੈਂਡ ਵਿੱਚ, ਜਿੱਥੇ ਅਸੀਂ ਪਿਛਲੇ ਸਾਲ ਖੁਸ਼ਖਬਰੀ ਦਾ ਪ੍ਰਚਾਰ ਕਰ ਰਹੇ ਸੀ, ਹੁਣ ਇੱਕ ਪੁਰਾਣੀ ਕਥਾ ਹੈ ਜਿਸ ਵਿੱਚ ਕਿਹਾ ਗਿਆ ਹੈ, ਕਿ, ਉੱਥੇ ਪਾਣੀ ਦਾ ਇੱਕ ਤਲਾਬ ਹੈ, ਜਿੱਥੇ ਲੋਕ ਦੁਨੀਆ ਭਰ ਤੋਂ ਆਉਂਦੇ ਹਨ, ਹਰ ਸਾਲ, ਸਲੀਬ ਦੇ ਸਮੇਂ ਨੂੰ ਦੇਖਣ ਲਈ। ਪਿਲਾਤੁਸ ਨੇ, ਆਪਣੀ ਮੌਤ ਵਿੱਚ ਚਾਲ ਮਾਰ ਦਿੱਤੀ, ਇਸ ਪਾਣੀ ਵਿੱਚ ਛਾਲ ਮਾਰ ਕੇ, ਆਪਣੇ ਆਪ ਨੂੰ ਡੋਬ ਕੇ, ਖ਼ੁਦਕੁਸ਼ੀ ਕਰ ਲਈ। ਅਤੇ ਹਰ ਸਾਲ, ਉਸੇ ਦਿਨ, ਉਸ ਤਲਾਬ ਵਿੱਚੋਂ ਨੀਲਾ ਪਾਣੀ ਉਬਲਦਾ ਹੈ, ਇਹ ਦਰਸਾਉਣ ਲਈ ਕਿ ਪਰਮੇਸ਼ੁਰ ਨੇ ਪਾਣੀ ਨੂੰ ਰੱਦ ਕਰ ਦਿੱਤਾ ਹੈ। ਪਾਣੀ ਕਦੇ ਵੀ ਯਿਸੂ ਦੇ ਲਹੂ ਨੂੰ ਤੁਹਾਡੇ ਹੱਥਾਂ ਜਾਂ ਤੁਹਾਡੀ ਆਤਮਾ ਤੋਂ ਨਹੀਂ ਧੋ ਸਕਦਾ। ਅਜਿਹਾ ਕਰਨ ਦਾ ਇੱਕ ਹੀ ਤਰੀਕਾ ਹੈ, ਉਹ ਹੈ ਇਸਨੂੰ ਆਪਣੀ ਨਿਜੀ ਮਾਫੀ ਦੇ ਰੂਪ ਵਿੱਚ ਸਵੀਕਾਰ ਕਰੋ ਅਤੇ ਪਰਮੇਸ਼ੁਰ ਨਾਲ ਸੁਲ੍ਹਾ ਕਰੋ।

ਆਓ ਅਸੀਂ ਪ੍ਰਾਰਥਨਾ ਕਰੀਏ।

187 ਸਵਰਗੀ ਪਿਤਾ, ਅਸੀਂ ਵਚਨ ਲਈ ਅੱਜ ਰਾਤ ਤੁਹਾਡਾ ਧੰਨਵਾਦ ਕਰਦੇ ਹਾਂ। "ਕਿਉਂਕਿ ਵਿਸ਼ਵਾਸ ਸੁਣਨ ਦੁਆਰਾ ਆਉਂਦਾ ਹੈ, ਅਤੇ ਸੁਣਨਾ ਪਰਮੇਸ਼ੁਰ ਦੇ ਬਚਨ ਤੋਂ ਹੁੰਦਾ ਹੈ।" ਅਸੀਂ ਯਿਸੂ ਲਈ ਤੁਹਾਡਾ ਧੰਨਵਾਦ ਕਰਦੇ ਹਾਂ। ਅਤੇ ਜਿਵੇਂ ਅਸੀਂ ਇਸ ਮਹਾਨ ਦਿਨ ਨੂੰ ਦੇਖਦੇ ਹਾਂ ਜਿਸ ਵਿੱਚ ਅਸੀਂ ਰਹਿ ਰਹੇ

ਹਾਂ, ਕਿਵੇਂ ਚਿੰਨ੍ਹ ਅਤੇ ਅਚੰਭੇ ਹਨ, ਅਸੀਂ ਇਹਨਾਂ ਚੀਜ਼ਾਂ ਨੂੰ ਕਿਵੇਂ ਖਿਸਕਣ ਦਿੰਦੇ ਹਾਂ। ਪਰਮੇਸ਼ੁਰ, ਅੱਜ ਰਾਤ, ਇਸ ਡੇਰੇ ਵਿੱਚ ਲੋਕਾਂ ਦੀਆਂ ਅੱਖਾਂ ਖੋਲ੍ਹੋ, ਤਾਂ ਜੋ ਉਹ ਦੇਖ ਸਕਣ ਅਤੇ ਸਮਝ ਸਕਣ ਕਿ ਅਸੀਂ ਆਖਰੀ ਘੜੀ ਵਿੱਚ ਹਾਂ। ਸਮਾਂ ਅਸਥਾਈ ਹੈ। ਸਾਡੇ ਕੋਲ ਇੱਥੇ ਰਹਿਣ ਲਈ ਜ਼ਿਆਦਾ ਸਮਾਂ ਨਹੀਂ ਹੈ, ਅਤੇ ਸਾਨੂੰ ਯਿਸੂ ਨੂੰ ਦੇਖਣਾ ਪਵੇਗਾ। ਅਤੇ ਸਾਨੂੰ ਗੱਦਾਰ ਗਿਣਿਆ ਜਾਵੇਗਾ, ਕਿਉਂਕਿ ਕੋਈ ਬਹਾਨਾ ਨਹੀਂ ਹੈ। ਅੱਜ ਸਵੇਰੇ, ਜਦੋਂ ਤੁਸੀਂ ਉਸ ਮਹਾਨ, ਸ਼ਕਤੀਸ਼ਾਲੀ ਦਰਸ਼ਨ ਨੂੰ ਦਿੱਤਾ, ਉਸ ਆਦਮੀ ਦਾ, ਉਸ ਦੂਰ ਡੇਹਸ ਤੋਂ ਇੱਥੇ ਆਉਣ ਬਾਰੇ; ਅਤੇ ਉਸਨੂੰ ਸ਼ੱਕ ਦੇ ਪਰਛਾਵੇਂ ਤੋਂ ਪਰੇ ਵੇਖਣ ਲਈ, ਉਸ ਵ੍ਹੀਲ ਚੇਅਰ ਤੋਂ ਉੱਠਦੇ ਹੋਏ, ਉਸਦੀ ਨਜ਼ਰ ਪ੍ਰਾਪਤ ਕਰਦੇ ਹੋਏ। ਉਸ ਦੀਆਂ ਲੱਤਾਂ ਮਜ਼ਬੂਤ ਹੋ ਗਈਆਂ ਹਨ, ਇਮਾਰਤ ਦੇ ਵਿੱਚ, ਅਨੰਦ ਅਤੇ ਪਰਮੇਸ਼ੁਰ ਦੀ ਉਸਤਤ ਕਰਦੀਆਂ ਹਨ। ਇਹ ਦਰਸਾਉਂਦਾ ਹੈ ਕਿ ਪਰਮੇਸ਼ੁਰ ਅਜੇ ਵੀ ਇਨ੍ਹਾਂ ਪੱਥਰਾਂ ਵਿੱਚੋਂ ਅਬਰਾਹਾਮ ਲਈ ਸੰਤਾਨ ਪੈਦਾ ਕਰਨ ਦੇ ਯੋਗ ਹੈ। ਦਰਸ਼ਣਾਂ ਨੂੰ ਵੇਖਣ ਲਈ, ਜਿਵੇਂ ਕਿ ਯਿਸੂ ਨੇ ਕਿਹਾ ਸੀ, "ਮੈਂ ਉਦੋਂ ਤੱਕ ਕੁਝ ਨਹੀਂ ਕਰਦਾ ਜਦੋਂ ਤੱਕ ਪਿਤਾ ਮੈਨੂੰ ਨਹੀਂ ਦਿਖਾਉਂਦਾ। ਮੈਂ ਕੁਝ ਨਹੀਂ ਕਰ ਸਕਦਾ।"

188 ਅੰਨ੍ਹਾ ਆਦਮੀ ਉਸਦੇ ਮਗਰ ਆਇਆ, ਅਤੇ ਕਿਹਾ, "ਸਾਡੇ ਉੱਤੇ ਰਹਿਮ ਕਰੋ।"

189 ਉਸਨੇ ਕਿਹਾ, ਉਸ ਦੀਆਂ ਅੱਖਾਂ ਨੂੰ ਛੂਹ ਕੇ ਕਿਹਾ, "ਤੁਹਾਡੇ ਵਿਸ਼ਵਾਸ ਦੇ ਅਨੁਸਾਰ, ਤੁਹਾਡੇ ਲਈ ਹੋ ਜਾਵੇ।"

190 ਹੁਣ, ਪ੍ਰਭੂ, ਅਸੀਂ ਯਿਸੂ ਨੂੰ ਦੇਖਦੇ ਹਾਂ। ਅਸੀਂ ਸਾਰੀਆਂ ਚੀਜ਼ਾਂ ਨਹੀਂ ਦੇਖਦੇ। ਅਸੀਂ ਦੇਖਦੇ ਹਾਂ ਕਿ ਅਸੀਂ ਅਜੇ ਵੀ ਆਪਣੇ ਸੰਤਾਂ ਨੂੰ ਕਬਰ ਤੇ ਲੈ ਜਾਂਦੇ ਹਾਂ, ਅਤੇ ਇਕ ਦੂਜੇ ਦੀ ਕਬਰ ਤੇ ਚੱਲਦੇ ਹਾਂ। ਪਰ ਅਸੀਂ ਯਿਸੂ ਨੂੰ ਦੇਖਦੇ ਹਾਂ, ਜਿਸ ਨੇ ਵਾਅਦਾ ਕੀਤਾ ਸੀ। ਅਸੀਂ ਉਸ ਨੂੰ ਆਪਣੇ ਨਾਲ ਦੇਖਦੇ ਹਾਂ। ਕਬਰ ਵਿਚ ਯਿਸੂ ਨਹੀਂ, ਦੋ ਹਜ਼ਾਰ ਸਾਲ ਪਹਿਲਾਂ ਯਿਸੂ ਨਹੀਂ; ਪਰ ਯਿਸੂ ਅੱਜ ਰਾਤ, ਉਹ ਸਾਡੇ ਨਾਲ ਹੈ। ਅਸੀਂ ਉਸਨੂੰ ਉਸਦੀ ਸਾਰੀ ਸ਼ਕਤੀ, ਚਿੰਨ੍ਹ ਅਤੇ ਅਚੰਭੇ ਵਿੱਚ ਪ੍ਰਗਟ ਹੁੰਦੇ ਦੇਖਦੇ ਹਾਂ।

191 ਪਰਮੇਸ਼ੁਰ, ਅਸੀਂ ਇਸ ਮਹਾਨ ਮੁਕਤੀ ਨੂੰ ਕਦੇ ਵੀ ਅਣਗੌਲਿਆ ਨਾ ਕਰੀਏ। ਪਰ ਕੀ ਅਸੀਂ ਇਸਨੂੰ ਗਲੇ ਲਗਾਈਏ, ਅਤੇ ਇਸਨੂੰ ਸਵੀਕਾਰ ਕਰਦੇ ਹਾਂ, ਅਤੇ ਸਤਿਕਾਰ ਕਰਦੇ ਹਾਂ, ਅਤੇ ਉਸ ਦਿਨ ਤੱਕ ਇਸ ਦੇ ਨਾਲ ਜੀਉਂਦੇ ਹਾਂ ਜਦੋਂ ਤੱਕ ਯਿਸੂ ਸਾਨੂੰ ਘਰ ਨਹੀਂ ਲੇ ਜਾਂਦਾ। ਇਹ ਬਖਸ਼ੋ, ਪ੍ਰਭੂ। ਅਸੀਂ ਉਸ ਦੇ ਨਾਮ ਵਿੱਚ ਮੰਗਦੇ ਹਾਂ।

192 ਅਤੇ ਜਦੋਂ ਸਾਡੇ ਸਿਰ ਝੁਕੇ ਹੋਏ ਹਨ, ਮੈਨੂੰ ਅਚਰਜ ਹੈ ਕਿ ਕੀ ਅੱਜ ਰਾਤ ਇਮਾਰਤ ਵਿੱਚ ਕੋਈ ਵਿਅਕਤੀ ਹੈ, ਪਵਿੱਤਰ ਆਤਮਾ ਦੀ ਦੈਵਿਕ ਹਜ਼ੂਰੀ ਦੇ ਹੇਠ, ਕਹੇਗਾ, "ਭਾਈ ਬ੍ਰਨਹਾਮ, ਮੈਨੂੰ ਯਕੀਨ ਹੈ ਕਿ ਮੈਂ ਗਲਤ ਹਾਂ। ਮੈਨੂੰ ਯਕੀਨ ਹੈ ਕਿ ਮੈਂ ਗਲਤ ਹਾਂ। ਪਰਮੇਸ਼ੁਰ ਨੇ ਮੇਰੇ ਪਾਪ ਮੇਰੇ ਤੇ ਪ੍ਰਗਟ ਕੀਤੇ ਹਨ। ਅਤੇ ਮੈਂ ਜਾਣਦਾ ਹਾਂ ਕਿ ਮੈਂ ਗਲਤ ਹਾਂ। ਮੈਂ ਅੱਜ ਰਾਤ, ਉਸ ਵੱਲ ਆਪਣਾ ਹੱਥ ਚੁੱਕਾਂਗਾ ਅਤੇ ਰਹਿਮ ਦੀ ਮੰਗ ਕਰਾਂਗਾ। ਹੇ ਪਰਮੇਸ਼ੁਰ, ਮੇਰੇ ਉੱਤੇ ਮਿਹਰ ਕਰ। ਮੈਂ ਗਲਤ ਹਾਂ।" ਕੀ ਤੁਸੀਂ ਅਜਿਹਾ ਕਰੋਗੇ?

193 ਜਦੋਂ ਕਿ ਅਸੀਂ ਇੱਕ ਪਲ ਇੰਤਜ਼ਾਰ ਕਰਦੇ ਹਾਂ, ਜੇਕਰ ਇੱਥੇ ਕੋਈ ਵਿਅਕਤੀ ਹੈ ਜੋ ਚਾਹੁੰਦਾ ਹੈ, ਥੋੜੀ ਹੀ ਦੇਰ ਵਿੱਚ ਬਪਤਿਸਮੇ ਹੋਣ ਵਾਲੇ ਹਨ। ਅਤੇ ਜੇਕਰ ਤੁਸੀਂ ਇੱਕ ਪਾਪੀ ਹੋ, ਤਾਂ ਮੈਂ ਤੋਬਾ ਕਰਾਂਗਾ। ਤੁਸੀਂ ਉਸ ਦੇ ਅਜਿਹੇ ਬੇਮਿਸਾਲ ਪਿਆਰ ਨੂੰ ਕਿਵੇਂ ਰੱਦ ਕਰ ਸਕਦੇ ਹੋ ਜੋ ਤੁਹਾਡੇ ਲਈ ਮਰ ਗਿਆ? ਸਵਰਗ ਦਾ ਪਵਿੱਤਰ ਪਰਮੇਸ਼ੁਰ ਇੱਕ ਪਾਪੀ ਮਨੁੱਖ ਬਣ ਗਿਆ; ਇਸ ਲਈ ਨਹੀਂ ਕਿ ਉਸਨੇ ਪਾਪ ਕੀਤਾ, ਪਰ ਕਿਉਂਕਿ ਉਸਨੇ ਤੁਹਾਡੇ ਪਾਪ ਲੈ ਲਏ ਸਨ, ਅਤੇ ਉਹਨਾਂ ਨੂੰ ਕਲਵਰੀ ਤੇ ਲੈ ਗਿਆ ਸੀ। ਅਤੇ ਤੁਸੀਂ ਉਸ ਮਾਫੀ ਨੂੰ ਸਵੀਕਾਰ ਨਹੀਂ ਕਰੋਗੇ? ਕੀ ਤੁਸੀਂ ਅੱਜ ਰਾਤ ਅਜਿਹਾ ਨਹੀਂ ਕਰੋਗੇ? ਜਦੋਂ ਅਸੀਂ ਆਪਣੇ ਸਿਰ ਝੁਕਾਉਂਦੇ ਹਾਂ, ਕੋਈ ਆਖੇਗਾ, "ਮੈਨੂੰ ਯਾਦ ਕਰਨਾ, ਭਾਈ ਬ੍ਰਨਹਾਮ। ਮੈਂ ਮਸੀਹ ਵੱਲ ਆਪਣੇ ਹੱਥ ਉਠਾਉਂਦਾ ਹਾਂ, ਅਤੇ ਕਹਿੰਦਾ ਹਾਂ, 'ਮੇਰੇ ਉਤੇ ਮਿਹਰਬਾਨ ਹੋ। ਮੈਂ—ਮੈਂ ਗਲਤ ਹਾਂ, ਅਤੇ ਮੈਂ ਪਰਮੇਸ਼ੁਰ ਨਾਲ ਸੁਲ੍ਹਾ ਕਰਨੀ ਚਾਹੁੰਦਾ ਹਾਂ।'" ਕੀ ਤੁਸੀਂ ਆਪਣਾ ਹੱਥ ਵਧਾਓਗੇ?

ਠੀਕ ਹੈ, ਜੇ ਹਰ ਕੋਈ ਮਸੀਹੀ ਹੈ, ਤਾਂ, ਆਓ ਅਸੀਂ ਪ੍ਰਾਰਥਨਾ ਕਰੀਏ।

194 ਪਿਤਾ, ਅਸੀਂ ਅੱਜ ਰਾਤ ਤੁਹਾਡਾ ਧੰਨਵਾਦ ਕਰਦੇ ਹਾਂ, ਕਿ ਇੱਥੇ ਹਰ ਕੋਈ ਮਸੀਹੀ ਹੈ, ਕਿ ਉਨ੍ਹਾਂ ਨੇ ਚੁੱਪ ਰਹਿ ਕੇ ਇਹੀ ਗਵਾਹੀ ਦਿੱਤੀ ਹੈ, ਕਿ ਉਨ੍ਹਾਂ ਦੇ ਸਾਰੇ ਪਾਪ ਲਹੂ ਦੇ ਹੇਠ ਹਨ। ਅਤੇ ਮੈਂ ਇਸਦੇ ਲਈ ਬਹੁਤ ਸ਼ੁਕਰਗੁਜ਼ਾਰ ਹਾਂ। ਉਨ੍ਹਾਂ ਨੂੰ ਬਖਸ਼ੋ, ਪ੍ਰਭੂ। ਔਹ, ਮੈਂ ਬਹੁਤ ਖੁਸ਼ ਹਾਂ ਕਿ ਉਨ੍ਹਾਂ ਨੇ ਲਹੂ ਦੀ ਭੇਟ ਦੁਆਰਾ, ਬਚਨ ਸੁਣ ਕੇ ਸੁਲ੍ਹਾ ਪਾਈ ਹੈ। ਬਚਨ ਦੁਆਰਾ, ਪਾਣੀ ਦਾ ਧੋਣਾ, ਇਹ ਸਾਨੂੰ ਸ਼ੁੱਧ ਕਰਦਾ ਹੈ। ਇਹ ਸਾਨੂੰ ਸਭ ਤੋਂ ਮਹਾਨ ਸਥਾਨ ਤੇ ਲਿਆਉਂਦਾ ਹੈ, ਜਿੱਥੇ—ਜਿੱਥੇ ਪਾਪੀ, ਉਸਦੇ ਘਿਣਾਉਣੇ ਹਨੇਰੇ ਤੋਂ, ਬਰਫ਼ ਵਾਂਗ ਚਿੱਟਾ ਕਰ ਦਿੱਤਾ ਜਾਂਦਾ ਹੈ। ਪਾਪ ਦੇ ਲਾਲ ਸੂਹੇ ਧੱਬੇ ਧੋ ਦਿੱਤੇ ਗਏ ਹਨ, ਅਤੇ ਅਸੀਂ ਮਸੀਹ ਵਿੱਚ ਨਵੇਂ ਜੀਵ ਹਾਂ। ਅਸੀਂ ਇਸ ਲਈ, ਤੁਹਾਡਾ, ਧੰਨਵਾਦ ਕਰਦੇ ਹਾਂ।

ਹੁਣ ਬਪਤਿਸਮੇ ਦੀ ਸੇਵਾ ਦਾ ਸਮਾਂ ਹੈ। ਮੈਂ ਸਮਝਦਾ ਹਾਂ ਕਿ ਇਹ ਜਵਾਨ

ਲੜਕੀ, ਅੱਜ ਰਾਤ, ਇੱਥੇ, ਆਪਣੇ ਪ੍ਰਭੂ ਦੇ ਨਾਮ ਵਿੱਚ ਬਪਤਿਸਮਾ ਲੈਣ ਵਾਲੀ ਹੈ।

195 ਹੇ ਸਵਰਗੀ ਪਿਤਾ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਇਸ ਜਵਾਨ ਲੜਕੀ ਨੂੰ ਅਸੀਸ ਦਿਓ। ਮੇਰਾ ਮਨ ਕੁਝ ਦਿਨ ਪਹਿਲਾਂ ਪਿਛਾਂਹ ਜਾ ਰਿਹਾ ਹੈ, ਹੈਨਰੀਵਿਲ ਵਿੱਚ ਆਉਂਦੇ ਹੋਏ ਅਤੇ ਉਸ ਪਿਆਰੀ ਛੋਟੀ ਲੜਕੀ ਨੂੰ ਗਲੀ ਵਿੱਚ ਘੁੰਮਦਿਆਂ ਦੇਖ ਰਿਹਾ ਸੀ। ਅਤੇ ਅੱਜ ਰਾਤ, ਉਹ ਇੱਕ ਮਾਂ, ਇੱਕ ਔਰਤ ਹੈ। ਉਸਨੇ ਤੁਹਾਨੂੰ ਆਪਣੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕੀਤਾ ਹੈ। ਬੱਚੇ ਲਈ ਜੀਵਨ ਔਖਾ ਰਿਹਾ ਹੈ, ਪ੍ਰਭੂ, ਹੇ ਪਰਮੇਸ਼ਵਰ, ਪਰ ਇਹ ਪੱਕੀ ਗੱਲ ਹੈ ਕਿ ਉਸ ਲਈ ਇੱਕ ਸਵਰਗ ਹੈ। ਅਤੇ ਅਸੀਂ ਇਸਦੇ ਲਈ ਤੁਹਾਡਾ ਧੰਨਵਾਦ ਕਰਦੇ ਹਾਂ। ਅਸੀਂ ਪ੍ਰਾਰਥਨਾ ਕਰਦੇ ਹਾਂ, ਪਰਮੇਸ਼ੁਰ, ਕਿ ਤੁਸੀਂ ਹੁਣ ਇਸ ਜਵਾਨ ਲੜਕੀ ਨੂੰ ਅਸੀਸ ਦਿਓਗੇ। ਅਤੇ ਜਦੋਂ ਉਹ ਪਾਣੀ ਨਾਲ ਬਪਤਿਸਮਾ ਲੈਣ ਲਈ ਆਉਂਦੀ ਹੈ, ਤਾਂ ਤੁਸੀਂ ਉਸਨੂੰ ਪਰਮੇਸ਼ੁਰ ਦੀ ਪਵਿੱਤਰ ਆਤਮਾ ਨਾਲ ਭਰ ਦਿਓ। ਇਹ ਬਖਸ਼ੋ, ਪ੍ਰਭੂ। ਉਸਦੀ ਆਤਮਾ ਸਵਰਗ ਵਿੱਚ, ਬਹੁਤ ਰੋਮਾਂਚਿਤ ਹੋਵੇ! ਇਸ ਨੂੰ ਆਪਣੀ ਮਹਿਮਾ ਲਈ ਬਖਸ਼ੋ। ਅਸੀਂ ਇਸਨੂੰ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

196 [ਟੇਪ ਤੇ ਖਾਲੀ ਥਾਂ—ਸੰਪਾ.] ਮੈਂ ਰਸੂਲਾਂ ਦੇ ਕਰਤੱਬ ਦੇ, ਦੂਜੇ ਅਧਿਆਏ ਤੋਂ ਪੜ੍ਹਨਾ ਚਾਹੁੰਦਾ ਹਾਂ; ਪਤਰਸ ਬੋਲ ਰਿਹਾ ਹੈ, ਪੰਤੇਕੁਸਤ ਦੇ ਦਿਨ, ਪਹਿਲਾ ਬਪਤਿਸਮਾ ਜੋ ਕਿ ਮਸੀਹੀ ਕਲੀਸਿਯਾ ਵਿੱਚ ਦਿੱਤਾ ਗਿਆ ਸੀ। ਪਤਰਸ, ਫ਼ਰੀਸੀਆਂ ਅਤੇ ਅੰਨ੍ਹੇ ਲੋਕਾਂ ਨੂੰ ਪਰਮੇਸ਼ੁਰ ਦੇ ਪੁੱਤਰ ਨੂੰ ਨਾ ਪਛਾਣਨ ਲਈ ਝਿੜਕ ਰਿਹਾ ਹੈ; ਇਸ ਬਾਰੇ ਗੱਲ ਕਰਦੇ ਹੋਏ ਕਿ ਕਿਵੇਂ ਪਰਮੇਸ਼ੁਰ ਨੇ ਉਸਨੂੰ ਕਿਵੇਂ ਜਿਉਂਦਾ ਕੀਤਾ, ਅਤੇ ਉਸਦੇ ਕੰਮਾਂ ਨੂੰ, ਮਹਾਨ ਚਿੰਨ੍ਹਾਂ ਅਤੇ ਅਚੰਭਿਆਂ ਵਿੱਚ ਸਾਬਤ ਕੀਤਾ। ਇਹ ਸੁਣੋ, ਜਿਵੇਂ ਉਹ ਬੋਲਿਆ ਸੀ। ਉਹ ਯਿਸੂ ਨੂੰ ਉੱਚਾ ਕਰ ਰਿਹਾ ਸੀ।

197 ਹਰ ਮਸੀਹੀ ਆਤਮਾ ਯਿਸੂ ਨੂੰ ਉੱਚਾ ਕਰਦੀ ਹੈ, ਨਾ ਸਿਰਫ਼ ਆਪਣੇ ਬੁੱਲ੍ਹਾਂ ਦੁਆਰਾ, ਸਗੋਂ ਆਪਣੀ ਜ਼ਿੰਦਗੀ ਦੁਆਰਾ। ਤੁਹਾਡੇ ਬੁੱਲ੍ਹ ਇੱਕ ਗੱਲ ਕਹਿ ਸਕਦੇ ਹਨ, ਤੁਹਾਡੀ ਜ਼ਿੰਦਗੀ ਕੁਝ ਹੋਰ ਕਰ ਸਕਦੀ ਹੈ। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਹਾਨੂੰ ਪਤਾ ਹੈ ਕਿ ਇਹ ਕੀ ਹੈ? ਇਹ ਪਾਖੰਡ ਹੈ। ਅਤੇ ਮੈਂ ਇੱਕ ਪਖੰਡੀ ਵਜੋਂ ਸਵਰਗ ਦਾ ਸਾਹਮਣਾ ਕਰਣ ਦੀ ਬਜਾਏ ਇੱਕ ਨਾਸਤਿਕ ਵਜੋਂ ਜਾਣਾ ਪਸੰਦ ਕਰਾਂਗਾ। ਮੈਂ ਆਪਣੇ ਮੌਕੇ ਨੂੰ ਬਿਹਤਰ ਢੰਗ ਨਾਲ ਲਵਾਂਗਾ, ਮੈਨੂੰ ਵਿਸ਼ਵਾਸ ਹੈ, ਸਵਰਗ ਵਿੱਚ, ਇੱਕ ਪਖੰਡੀ ਹੋਣ ਦੀ ਬਜਾਏ, ਇੱਕ—ਇੱਕ ਨਾਸਤਿਕ। ਮੈਂ ਜ਼ਰੂਰ...ਜੇ ਤੁਸੀਂ ਯਿਸੂ ਲਈ ਗਵਾਹੀ ਦਿੰਦੇ ਹੋ

ਅਤੇ ਕਹਿੰਦੇ ਹੋ "ਉਹ ਮੁਕਤੀਦਾਤਾ ਹੈ," ਤੁਸੀਂ ਇਸ ਤਰ੍ਹਾਂ ਰਹਿੰਦੇ ਹੋ, ਕਿਉਂਕਿ ਲੋਕ ਤੁਹਾਡੇ ਤੋਂ ਇਸਦੀ ਉਮੀਦ ਕਰਨ ਜਾ ਰਹੇ ਹਨ। ਇਹ ਠੀਕ ਹੈ। ਤੁਹਾਨੂੰ ਇੱਕ ਮਸੀਹੀ ਵਾਂਗ ਜਿਉਣਾ ਚਾਹੀਦਾ ਹੈ। ਅਸੀਂ ਅੱਜ ਸਵੇਰੇ ਇਸ ਵਿੱਚੋਂ ਲੰਘੇ ਸੀ।

198 ਹੁਣ, ਜੇ ਪ੍ਰਭੂ ਦੀ ਇੱਛਾ ਹੋਈ, ਤਾਂ ਕੱਲ ਰਾਤ, ਜਾਂ...ਬੁੱਧਵਾਰ ਰਾਤ, ਅਸੀਂ ਇਹ ਤੀਜਾ ਅਧਿਆਏ ਲੈ ਰਹੇ ਹਾਂ, ਜੋ ਇੱਕ ਸ਼ਾਨਦਾਰ ਅਧਿਆਇ ਹੈ। ਅਤੇ ਹੁਣ, ਬੁੱਧਵਾਰ ਰਾਤ ਨੂੰ ਆਉਣ ਦੀ ਕੋਸ਼ਿਸ਼ ਕਰਨਾ ਯਕੀਨੀ ਬਣਾਓ। ਕਿੰਨੇ ਲੋਕ ਇਸ ਕਿਤਾਬ ਦਾ ਆਨੰਦ ਲੈ ਰਹੇ ਹਨ, ਇਸ ਸੰਡੇ ਸਕੂਲ ਦੇ ਅਧਿਆਪਨ ਦਾ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਓਹ, ਤੁਹਾਡਾ ਬਹੁਤ ਬਹੁਤ ਧੰਨਵਾਦ। ਇਹ ਠੀਕ ਹੈ।

199 ਹੁਣ, ਮੈਂ ਹੁਣ ਰਸੂਲਾਂ ਦੇ ਕਰਤੱਬ ਤੋਂ ਪੜ੍ਹਨਾ ਚਾਹੁੰਦਾ ਹਾਂ, ਦੂਜਾ ਅਧਿਆਇ, 32ਵੀਂ ਆਇਤ ਤੋਂ ਸ਼ੁਰੂ ਕਰਦੇ ਹਾਂ।

> *ਉਸੇ ਯਿਸੂ ਨੂੰ ਪਰਮੇਸ਼ੁਰ ਨੇ ਜੀਉਂਦਾ ਉਠਾਇਆ ਜਿਹ ਦੇ ਅਸੀਂ ਸੱਭੇ ਗਵਾਹ ਹਾਂ।* (ਉਹ ਜਾਣਦੇ ਸਨ।)
>
> *ਸੋ ਪਰਮੇਸ਼ੁਰ ਦੇ ਸੱਜੇ ਹੱਥ ਕੋਲ ਅੱਤ ਉੱਚਾ ਹੋ ਕੇ, ਅਰ ਪਿਤਾ ਤੋਂ ਪਵਿੱਤ੍ਰ ਆਤਮਾ ਦਾ ਕਰਾਰ ਪਾ ਕੇ, ਉਸ ਨੇ ਇਹ ਜੋ ਤੁਸੀਂ ਵੇਖਦੇ ਅਤੇ ਸੁਣਦੇ ਹੋ ਵਹਾ ਦਿੱਤਾ।*

200 ਹੁਣ ਉਸ ਨੂੰ ਦੂਤਾਂ ਵਿੱਚੋਂ ਇੱਕ, ਦਾਊਦ ਬਾਰੇ ਬੋਲਦੇ ਸੁਣੋ।

> *ਕਿਉਂ ਜੋ ਦਾਊਦ ਸਵਰਗ ਵਿੱਚ ਨਹੀਂ ਗਿਆ, ਪਰ ਉਸਨੇ ਆਪਣੇ ਆਪ ਨੂੰ ਕਿਹਾ,* **ਪ੍ਰਭੂ** *ਨੇ ਮੇਰੇ ਪ੍ਰਭੂ ਨੂੰ ਆਖਿਆ, ਤੂੰ ਮੇਰੇ ਸੱਜੇ ਪਾਸੇ ਬੈਠ,*
>
> *ਜਦ ਤੀਕੁਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰ ਦਿਆਂ।*

ਦਾਊਦ ਉੱਪਰ ਨਹੀਂ ਜਾ ਸਕਦਾ ਸੀ; ਉਹ ਵੱਛਿਆਂ, ਬੱਕਰੀਆਂ ਅਤੇ ਭੇਡਾਂ ਦੇ ਵਹਾਏ ਗਏ ਲਹੂ ਦੇ ਹੇਠਾਂ ਸੀ। ਪਰ ਹੁਣ ਉਹ ਚੜ੍ਹ ਸਕਦਾ ਸੀ; ਉਹ ਪ੍ਰਭੂ ਯਿਸੂ ਦੇ ਲਹੂ ਦੇ ਹੇਠ ਸੀ। ਕਿਉਂਕਿ ਉਹ ਸਿਰਫ਼ ਉਸ ਲਹੂ ਦਾ ਜਵਾਬ ਦਿੰਦੇ ਹਨ ਜਦੋਂ ਇਹ ਲਾਗੂ ਹੋਵੇਗਾ। ਜਦੋਂ ਮਸੀਹ ਦਾ ਲਹੂ ਲਾਗੂ ਹੁੰਦਾ ਹੈ, ਉਹ ਸਾਰੇ ਜਿਹੜੇ ਚੰਗੇ ਪੱਖ ਵਿੱਚ ਮਰ ਗਏ ਸਨ, ਜੀ ਉੱਠੇ, ਇਹ ਸਹੀ ਹੈ, ਅਤੇ ਮਹਿਮਾ ਵਿੱਚ ਜਾ ਚੜ੍ਹੇ।

201 ਹੁਣ ਸੁਣੋ।

*ਉਪਰੰਤ ਇਸਰਾਏਲ ਦਾ ਸਾਰਾ ਘਰਾਣਾ ਪੱਕ ਜਾਣੇ...*(ਇਸ ਨੂੰ ਸੁਣੋ।)...*ਭਈ* ਇਸੇ *ਯਿਸੂ ਨੂੰ ਜਿਹ ਨੂੰ* ਤੁਸਾਂ...*ਸਲੀਬ ਉੱਤੇ ਚਾੜ੍ਹਿਆ, ਪਰਮੇਸ਼ੁਰ ਨੇ ਓਸ ਨੂੰ ਪ੍ਰਭੁ ਭੀ ਅਤੇ ਮਸੀਹ ਭੀ ਕੀਤਾ।*

ਉਸ ਬਾਰੇ ਕੀ? ਕੀ ਉਹ ਤ੍ਰਿਏਕਤਾ ਤੀਜਾ ਵਿਅਕਤੀ ਹੈ, ਜਾਂ ਕੀ ਉਹ ਪੂਰੀ ਤ੍ਰਿਏਕਤਾ ਹੈ? ਉਹ ਦੇਹਧਾਰੀ, ਪਰਮੇਸ਼ੁਰ ਦੀ ਪੂਰਨਤਾ ਹੈ।

202 ਤਿੰਨ ਪਰਮੇਸ਼ੁਰਾਂ ਵਰਗੀ ਕੋਈ ਚੀਜ਼ ਨਹੀਂ ਹੈ: ਪਰਮੇਸ਼ੁਰ ਪਿਤਾ, ਪਰਮੇਸ਼ੁਰ ਪੁੱਤਰ, ਅਤੇ ਪਰਮੇਸ਼ੁਰ ਪਵਿੱਤਰ ਆਤਮਾ। ਇਹ ਤਾਂ ਵਚਨ ਵਿਚ ਵੀ ਨਹੀਂ ਹੈ, ਇਹ ਕਿਤੇ ਵੀ ਨਹੀਂ ਹੈ। ਕਿਤੇ ਨਹੀਂ ਹੈ। ਕਿਤੇ ਵੀ ਸਾਨੂੰ ਬਪਤਿਸਮਾ ਦੇਣ ਦਾ ਹੁਕਮ ਨਹੀਂ ਦਿੱਤਾ ਗਿਆ ਸੀ "ਪਿਤਾ ਦੇ ਨਾਮ ਵਿੱਚ, ਅਤੇ ਪੁੱਤਰ ਦੇ ਨਾਮ ਵਿੱਚ, ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ," ਵਚਨ ਵਿੱਚ ਕਿਤੇ ਵੀ ਨਹੀਂ। ਇਹ ਇੱਕ ਕੈਥੋਲਿਕ ਮੱਤ ਹੈ, ਅਤੇ ਇਹ ਪ੍ਰੋਟੈਸਟੈਂਟ ਕਲੀਸਿਯਾ ਲਈ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਕੋਈ ਵੀ ਮੈਨੂੰ ਇੱਕ ਲਿਖਤ ਦਿਖਾਵੇ ਜਿੱਥੇ ਕਿਸੇ ਵਿਅਕਤੀ ਨੇ ਕਦੇ ਕਿਸੇ ਹੋਰ ਤਰੀਕੇ ਨਾਲ ਬਪਤਿਸਮਾ ਲਿਆ ਸੀ ਪ੍ਰਭੂ ਯਿਸੂ ਮਸੀਹ ਦੇ ਨਾਮ ਤੋਂ ਬਗੈਰ। ਆਓ, ਮੈਨੂੰ ਦਿਖਾਓ, ਅਤੇ ਮੈਂ ਆਪਣੀ ਪਿੱਠ ਤੇ ਇੱਕ ਨਿਸ਼ਾਨ ਲਗਾਵਾਂਗਾ, "ਇੱਕ ਪਖੰਡੀ, ਅਤੇ ਇੱਕ ਝੂਠਾ ਨਬੀ, ਇੱਕ ਝੂਠਾ ਗੁਰੂ," ਅਤੇ ਗਲੀਆਂ ਵਿੱਚੋਂ ਲੰਘਾਂਗਾ। ਅਜਿਹੀ ਕੋਈ ਗੱਲ ਨਹੀਂ ਹੈ। ਕਦੇ ਵੀ ਕਿਸੇ ਨੇ ਇਸ ਤਰ੍ਹਾਂ ਬਪਤਿਸਮਾ ਨਹੀਂ ਲਿਆ ਸੀ। ਇਹ ਇੱਕ ਕੈਥੋਲਿਕ ਮੱਤ ਹੈ, ਨਾ ਕਿ ਪ੍ਰੋਟੈਸਟੈਂਟ ਸਿਧਾਂਤ।

203 "ਮੱਤੀ 28:19," ਤੁਸੀ ਕਹੋਗੇ, "ਯਿਸੂ ਨੇ ਕਿਹਾ, 'ਇਸ ਲਈ ਤੁਸੀਂ ਸਾਰੇ ਸੰਸਾਰ ਵਿੱਚ ਜਾਓ, ਸਾਰੀਆਂ ਕੌਮਾਂ ਨੂੰ ਸਿਖਾਓ, ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ।'" ਇਹ ਸਹੀ ਹੈ।

ਨਾ ਕਿ, "ਪਿਤਾ ਦੇ ਨਾਮ ਵਿੱਚ, ਪੁੱਤਰ ਦੇ ਨਾਮ ਵਿੱਚ, ਪਵਿੱਤਰ ਆਤਮਾ ਦੇ ਨਾਮ ਵਿੱਚ।" ਪਿਤਾ ਦਾ *ਨਾਮ*, *ਨਾਮ* (ਨਾਮਾਂ ਨਹੀਂ), ਪਿਤਾ ਦਾ...

*ਪਿਤਾ* ਕੋਈ ਨਾਮ ਨਹੀਂ ਹੈ। ਇਹ ਕਿੰਨੇ ਕੁ ਜਾਣਦੇ ਹਨ? ਇੱਥੇ ਕਿੰਨੇ ਪਿਤਾ ਹਨ? ਆਪਣੇ ਹੱਥ ਉਠਾਓ। ਇੱਥੇ ਕਿੰਨੇ ਪੁੱਤਰ ਹਨ? ਆਪਣਾ ਹੱਥ ਖੜ੍ਹਾ ਕਰੋ। ਇੱਥੇ ਕਿੰਨੇ ਇਨਸਾਨ ਹਨ? ਆਪਣੇ ਹੱਥ ਉਠਾਓ। ਠੀਕ ਹੈ। ਹੁਣ, ਤੁਹਾਡਾ ਨਾਮ ਕੀ ਹੈ? ਨਾ ਪਿਤਾ, ਨਾ ਪੁੱਤਰ, ਨਾ ਮਨੁੱਖ।

204 ਇੱਕ ਔਰਤ ਨੇ ਇੱਕ ਵਾਰ ਮੈਨੂੰ ਕਿਹਾ, ਜੋ ਇੱਕ ਕੱਟੜ ਤ੍ਰਿਏਸ਼ਵਾਦੀ ਸੀ, ਉਸ ਨੇ ਕਿਹਾ, "ਭਾਈ ਬ੍ਰਨਹਾਮ, ਪਰ ਪਵਿੱਤਰ ਆਤਮਾ ਇੱਕ ਨਾਮ ਹੈ।"

205 ਮੈਂ ਕਿਹਾ, "ਪਵਿੱਤਰ ਆਤਮਾ ਕੋਈ ਨਾਮ ਨਹੀਂ ਹੈ, ਪਵਿੱਤਰ ਆਤਮਾ ਉਹ ਹੈ ਜੋ ਇਹ ਹੈ। ਇਹ ਪਵਿੱਤਰ ਆਤਮਾ ਹੈ, ਇੱਕ ਨਾਮ ਨਹੀਂ, ਇਹ ਉਹੀ

ਹੈ ਜੋ ਇਹ ਹੈ। ਮੈਂ ਇੱਕ ਇਨਸਾਨ ਹਾਂ, ਪਰ ਮੇਰਾ ਨਾਮ ਇਨਸਾਨ ਨਹੀਂ ਹੈ, ਮੇਰਾ ਨਾਮ ਵਿਲੀਅਮ ਬ੍ਰਨਹਾਮ ਹੈ।"

206 ਇਸ ਲਈ, ਜੇ ਉਸਨੇ ਕਿਹਾ, "ਇਸ ਲਈ ਤੁਸੀਂ ਜਾਓ, ਸਾਰੀਆਂ ਕੌਮਾਂ ਨੂੰ ਸਿਖਾਓ, ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ *ਨਾਮ* ਵਿੱਚ ਬਪਤਿਸਮਾ ਦਿਓ," ਫਿਰ ਪਤਰਸ, ਦੱਸਾਂ ਦਿਨਾਂ ਬਾਅਦ, ਕਹਿੰਦਾ ਹੈ, "ਤੋਬਾ ਕਰੋ," ਹੁਣ, ਇੱਥੇ, ਇਸ ਨੂੰ ਸੁਣੋ:

> ਜਾਂ *ਉਨ੍ਹਾਂ ਨੇ ਇਹ ਸੁਣਿਆ, ਤਾਂ ਉਨ੍ਹਾਂ ਦੇ ਦਿਲ ਛਿਦ ਗਏ, ਅਤੇ ਪਤਰਸ ਅਰ...ਬਾਕੀ ਦੇ ਰਸੂਲਾਂ ਨੂੰ ਕਿਹਾ ਕਿ, ਹੇ ਭਾਈਓ, ਅਸੀਂ ਕੀ ਕਰੀਏ?*
>
> *ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੋਬਾ ਕਰੋ,* ਤੁਹਾਡੇ ਵਿੱਚ ਹਰ ਇੱਕ, *ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ* ਉੱਤੇ ਬਪਤਿਸਮਾ ਲਵੇ, *ਤਾਂ ਤੁਸੀਂ ਪਵਿੱਤ੍ਰ ਆਤਮਾ ਦਾ ਦਾਨ ਪਾਓਗੇ।*

207 ਫਿਰ ਕੀ ਪਤਰਸ ਨੇ ਉਹੀ ਕੀਤਾ ਜੋ ਯਿਸੂ ਨੇ ਉਸਨੂੰ ਨਾ ਕਰਨ ਲਈ ਕਿਹਾ ਸੀ? ਉਹ ਉਲਝਣ ਵਿੱਚ ਨਹੀਂ ਸੀ, ਅਸੀਂ ਉਲਝਣ ਵਿੱਚ ਹਾਂ।

208 ਰਸੂਲਾਂ ਦੇ ਕਰਤੱਬ 2:38 ਵਿੱਚ, ਯਹੂਦੀਆਂ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਡੁਬਕੀ ਦੁਆਰਾ ਬਪਤਿਸਮਾ ਲਿਆ।

ਰਸੂਲਾਂ ਦੇ ਕਰਤੱਬ, 8ਵੇਂ ਅਧਿਆਇ ਵਿੱਚ, ਸਾਨੂੰ ਪਤਾ ਲੱਗਦਾ ਹੈ ਕਿ ਫਿਲਿਪਸ ਹੇਠਾਂ ਗਿਆ ਅਤੇ ਸਾਮਰੀ ਲੋਕਾਂ ਨੂੰ ਪ੍ਰਚਾਰ ਕੀਤਾ, ਅਤੇ ਉਨ੍ਹਾਂ ਨੂੰ, ਸਾਮਰੀਆਂ ਨੂੰ, ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ।

ਰਸੂਲਾਂ ਦੇ ਕਰਤੱਬ 10:49 ਵਿੱਚ, ਪਤਰਸ ਨੇ ਗ਼ੈਰ-ਯਹੂਦੀ ਲੋਕਾਂ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ ਦਾ ਹੁਕਮ ਦਿੱਤਾ।

209 ਪੌਲੁਸ, ਰਸੂਲਾਂ ਦੇ ਕਰਤੱਬ 10:5, "ਉਹ ਅਫ਼ਸੁਸ ਦੇ ਉਪਰਲੇ ਤੱਟ ਵਿੱਚੋਂ ਲੰਘਿਆ, ਉਸਨੂੰ ਚੇਲੇ ਮਿਲੇ।" ਉਹ ਇੱਕ ਬੈਪਟਿਸਟ ਚੇਲੇ ਸਨ; ਸੀ, ਹਰ ਇੱਕ, ਬੈਪਟਿਸਟ। ਉਨ੍ਹਾਂ ਨੂੰ ਇੱਕ ਬੈਪਟਿਸਟ ਪ੍ਰਚਾਰਕ ਵੱਲੋਂ ਪਰਿਵਰਤਿਤ ਕੀਤਾ ਗਿਆ ਸੀ ਜਿਸ ਦਾ—ਦਾ ਨਾਮ, ਵੇਖੋ, ਅਪੋਲੋਸ ਸੀ। ਅਤੇ ਉਹ ਇੱਕ ਬੈਪਟਿਸਟ ਪ੍ਰਚਾਰਕ ਸੀ, "ਅਤੇ ਬਾਈਬਲ ਦੁਆਰਾ ਸਾਬਤ ਕਰ ਰਿਹਾ ਸੀ ਕਿ ਯਿਸੂ ਹੀ ਮਸੀਹ ਸੀ।"

ਪੌਲੁਸ ਨੇ ਕਿਹਾ, "ਜਦੋਂ ਤੋਂ ਤੁਸੀਂ ਵਿਸ਼ਵਾਸ ਕੀਤਾ ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ?"

210 ਓਹਨਾਂ ਨੇ ਕਿਹਾ, "ਅਸੀਂ ਨਹੀਂ ਜਾਣਦੇ ਕਿ ਕੋਈ ਪਵਿੱਤਰ ਆਤਮਾ ਹੈ ਜਾਂ ਨਹੀਂ।"

211 ਕਿਹਾ, "ਫਿਰ ਤੁਸੀਂ ਕਾਹਦਾ ਬਪਤਿਸਮਾ ਲਿਆ?"

212 ਓਹਨਾਂ ਨੇ ਕਿਹਾ, "ਅਸੀਂ ਉਸੇ ਆਦਮੀ ਦੁਆਰਾ ਬਪਤਿਸਮਾ ਲਿਆ ਜਿਸਨੇ ਯਿਸੂ ਨੂੰ ਬਪਤਿਸਮਾ ਦਿੱਤਾ ਸੀ, ਉੱਥੇ ਬਹੁਤ ਸਾਰਾ ਪਾਣੀ ਸੀ। ਇਹ ਕਾਫ਼ੀ ਚੰਗਾ ਹੈ।"

213 ਪੌਲੁਸ ਨੇ ਕਿਹਾ, "ਇਹ ਹੁਣ ਕੰਮ ਨਹੀਂ ਕਰੇਗਾ। ਤੁਹਾਨੂੰ ਦੁਬਾਰਾ, ਬਪਤਿਸਮਾ ਲੈਣਾ ਪਵੇਗਾ।" ਅਤੇ ਪੌਲੁਸ ਨੇ ਉਨ੍ਹਾਂ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਦੁਬਾਰਾ, ਬਪਤਿਸਮਾ ਲੈਣ ਦਾ ਹੁਕਮ ਦਿੱਤਾ। ਆਪਣੇ ਹੱਥ ਉਨ੍ਹਾਂ ਉੱਤੇ ਰੱਖੇ, ਅਤੇ ਪਵਿੱਤਰ ਆਤਮਾ ਉਨ੍ਹਾਂ ਉੱਤੇ ਆ ਗਿਆ। ਸਹੀ ਹੈ। ਹਾਂ, ਸ਼੍ਰੀਮਾਨ।

> ਸ਼ਾਮ ਦੇ ਵੇਲੇ ਉਜਾਲਾ ਹੋਵੇਗਾ,
> ਮਹਿਮਾ ਦਾ ਮਾਰਗ ਤੁਹਾਨੂੰ ਜ਼ਰੂਰ ਮਿਲੇਗਾ।
> ਜਲ ਮਾਰਗ ਵਿੱਚ, ਅੱਜ ਇਹੀ ਰੋਸ਼ਨੀ ਹੈ,
> ਯਿਸੂ ਮਸੀਹ ਦੇ ਬਹੁਮੁੱਲੇ ਨਾਮ ਵਿੱਚ ਦਫ਼ਨਾਏ ਜਾਣਾ।
> ਜਵਾਨ ਅਤੇ ਬੁੱਢੇ, ਸਾਰੇ ਆਪਣੇ ਪਾਪਾਂ ਤੋਂ ਤੋਬਾ ਕਰੋ,
> ਤੇ ਪਵਿੱਤਰ ਆਤਮਾ ਜਰੂਰ ਤੁਹਾਡੇ ਅੰਦਰ ਪ੍ਰਵੇਸ਼ ਕਰੇਗਾ;
> ਸ਼ਾਮ ਦੀ ਰੋਸ਼ਨੀ ਆ ਗਈ ਹੈ,
> ਇਹ ਸੱਚਾਈ ਹੈ ਕਿ ਪਰਮੇਸ਼ੁਰ ਅਤੇ ਮਸੀਹ ਇੱਕ ਹਨ।

214 ਇਹ ਉਹ ਹੈ ਜੋ ਬਾਈਬਲ ਨੇ ਕਿਹਾ ਹੈ। ਇਹ ਠੀਕ ਹੈ। ਇਹ ਸਮਾਂ ਹੈ, ਇਹ ਉਹ ਸਮਾਂ ਹੈ ਜਦੋਂ ਸਾਨੂੰ ਤੋਬਾ ਕਰਨੀ ਚਾਹੀਦੀ ਹੈ।

215 ਦੱਸੋ, ਜਦੋਂ ਤੁਸੀਂ ਤਿਆਰ ਹੋ ਜਾਓ ਤਾਂ ਪੁਕਾਰੋ, ਤਲਾਬ ਵਿੱਚ। ਅਤੇ ਅਸੀਂ ਕਰਾਂਗੇ...[ਇੱਕ ਭਾਈ ਕਹਿੰਦਾ ਹੈ, "ਅਸੀਂ ਤਿਆਰ ਹਾਂ।"—ਸੰਪਾ.] ਤੁਸੀਂ ਤਿਆਰ ਹੋ? ਠੀਕ ਹੈ, ਪਰਦੇ ਖਿੱਚਣ ਲਈ।

216 ਹੁਣ, ਪ੍ਰਭੂ ਤੁਹਾਨੂੰ ਅਸੀਸ ਦੇਵੇ, ਜਦ ਭਾਈ ਬਪਤਿਸਮੇ ਦੀ ਸੇਵਾ ਕਰ ਰਿਹਾ ਹੈ। ਕੀ ਤੁਸੀਂ ਸਾਰੇ ਇੱਥੇ ਦੇਖ ਸਕਦੇ ਹੋ?

## *ਇਬਰਾਨੀਆਂ, ਅਧਿਆਏ ਦੋ 2* PUN57-0825E

(Hebrews, Chapter Two 2)

**ਇਬਰਾਨੀਆਂ ਲੜੀ ਦੀ ਕਿਤਾਬ**

ਭਾਈ ਵਿਲੀਅਮ ਮੈਰੀਅਨ ਬ੍ਰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਐਤਵਾਰ ਸ਼ਾਮ ਨੂੰ, 25 ਅਗਸਤ, 1957 ਨੂੰ, ਜੇਫਰਸਨਵਿਲੇ, ਇੰਡੀਆਨਾ, ਯੂ.ਐਸ.ਏ. ਵਿੱਚ ਬ੍ਰੈਨਹੈਮ ਟੈਬਰਨੇਕਲ ਵਿਖੇ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2024 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸਿੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਟਿਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡਗਿਜ® ਵਲੋਂ ਲਖਿਤੀ ਇਜਾਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org